
FARM AND SPICE
ਸ਼ਿਮਲਾ ਮਿਰਚ
Green Pepper
$1.99 /lb
Open 7 Days a Week
8.30 am to 9.00 pm
SPECIAL OFFERS: 19-25 MAY
Daily Specials on
ਐਂਬ੍ਰੋਸੀਆ ਸੇਬ
Ambrosia Apple
$1.49 /lb
ਟਮਾਟਰ
Tomatoes
99¢ /lb
ਪਿੰਕ ਲੇਡੀ ਸੇਬ
Pink Lady Apple
$1.49 /lb
ਹਰੇ ਪਿਆਜ਼
Green Onion
69¢ each
ਗਾਜਰਾਂ
Carrots
Jumbo
79¢ /lb
ਆਵੋਕਾਡੋ
Avocado
99¢ each
ਗਾਲਾ ਬੀ ਸੀ ਸੇਬ
Gala BC Apple
$1.49 /lb
ਜੰਬੋ ਬੈਂਗਣ
Eggplant
Jumbo
$1.99 each
ਅਦਰਕ
Ginger
$2.49 /lb
ਖੀਰਾ ਛੋਟਾ
Cucumber
Mini
$1.99 /lb
ਸੰਤਰਾ ਛੋਟਾ/ਵਡਾ
Orange Small/Large
$1.49 /lb
ਬ੍ਰੋਕਲੀ
Brocolli
$2.49 /lb
ਅਨਾਰ
Pomegranate
$3.49 each
ਲਸਣ
Garlic
1kg
1kg
$3.49 each
ਖਰਬੂਜਾ
Cantaloupe
$3.49 each
ਸੋਹਣਾ ਸਾਗ
Sohna
Sarson Ka
Saag
850g
$2.99 each
ਪਚਰੰਗਾ ਸ਼ੱਕਰ
Pachranga
Punjabi Shakkar
1kg
$3.99 each
SHER PLAIN GUR
SHER PUNJABI SHAKKAR
ਸ਼ੇਰ ਗੁੜ ਸ਼ੱਕਰ
Sher
Gur/Shakkar
1kg
$3.99 each
ਪਾਰਲੀਮੈਂਟ ਚਾਵਲ
Parliament
Basmati Rice
8 lb
$7.99 each
ਰੈਡ ਲੇਬਲ ਚਾਹ
Red Label
Round Tea Bags
216Bags
$9.99 each
ਹੀਰ ਆਟਾ
Heer Atta
Whole Wheat/
Durum Chakki
20 lb
$12.99 each
ਕ੍ਰਾਊਨ ਤੇਲ
Crown
Sunflower Oil
3 ltr
$14.99 each
A+Plus
A+Plus asstd. pulses 1kg
50% OFF
Mangoes available at both locations
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last





## ਜਲਦ ਆ ਰਿਹਾ
## ਆਖਰੀ ਫੇਜ਼ (phase)

1 – 3 ਬੈੱਡਰੂਮ ਹੋਮਜ

**SilvaSurrey.com**

604.690.6174 · info@silvasurrey.com

ਹੋਰ ਜਾਣਕਾਰੀ

WANSON GROUP

MARKETING BY rennie

Prices are subject to change without notice. The developer reserves the right to make changes and modifications to the information contained herein without prior notice. Artist's renderings are representations only and may not be accurate. E.&O.E.

# ਜਤਿੰਦਰ ਸਿੰਘ ਗਿੱਲ ਉੱਪਰ ਪ੍ਰਭਜੋਤ ਸਿੰਘ ਵੱਲੋਂ ਲਗਾਏ ਦੋਸ਼ ਬੇਬੁਨਿਆਦ ਨਿੱਕਲੇ



ਐਬਟਸਫੋਰਡ( ਪੰਧੇਰ ਗੁਰਸੇਵ ਸਿੰਘ): ਕੁਝ ਸਾਲ ਪਹਿਲਾਂ ਧਾਰਮਿਕ ਪਰਮਿਟ ਤੇ ਰਹਿ ਰਹੇ ਪ੍ਰਭਜੋਤ ਸਿੰਘ ਨੇ ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਦੇ ਸਾਬਕਾ ਮੁਖ ਸੇਵਾਦਾਰ ਭਾਈ ਜਤਿੰਦਰ ਸਿੰਘ ਤੇ ਦੋਸ਼ ਲਾਏ ਗਏ ਸਨ ਕਿ ਉਨਾ ਨੇ ਮੇਰੇ ਨਾਲ ਧੋਖਾ ਕੀਤਾ ਹੈ।

ਪੰਜਾਬੀ ਪ੍ਰੈਸ ਦੇ ਰੂਬਰੂ ਹੁੰਦਿਆ 16 ਮਈ 2023 ਨੂੰ ਜਤਿੰਦਰ ਸਿੰਘ ਗਿੱਲ ਨੇ ਰੋਜਗਾਰ ਮਹਿਕਮੇ ਦੀ ਇੱਕ ਚਿੱਠੀ ਵੀ ਪੱਤਰਕਾਰਾਂ ਨੂੰ ਦਿੱਤੀ।ਚਿੱਠੀ ਅਨੁਸਾਰ ਮਹਿਕਮੇ ਨੇ ਤਫਸੀਸ਼ ਵਿੱਚ ਪਾਇਆ ਕਿ ਜਤਿੰਦਰ ਸਿੰਘ ਗਿੱਲ ਤੇ ਲਾਏ ਦੋਸ਼ ਬੇ ਬੁਨਿਆਦ ਹਨ ।ਜਤਿੰਦਰ ਸਿੰਘ ਗਿੱਲ ਨੇ ਦੱਸਿਆ ਮੈਂ ਇੱਕ ਗੁਰਸਿੱਖ ਦੀ ਮਦਦ ਕੀਤੀ ਸੀ ਅਤੇ ਕੋਈ ਵੀ ਗਲਤ ਕੰਮ ਨਹੀ ਕੀਤਾ।ਹੁਣ ਤਾਂ ਸਰਕਾਰੀ ਮਹਿਕਮੇ ਨੇ ਵੀ ਵਿਸ਼ੇਸ਼ ਪੱਤਰ ਵੀ ਜਾਰੀ ਕਰ ਦਿੱਤਾ ਹੈ।

ਭਾਈ ਜਤਿੰਦਰ ਸਿੰਘ ਗਿੱਲ ਅਤੇ ਉਨਾ ਦੇ ਸਾਥੀਆਂ ਨੇ ਕਿਹਾ ਕਿ ਇਸ ਕੇਸ ਨੂੰ ਲੈ ਕੇ ਸਾਡੀ ਵਿਰੋਧੀ ਧਿਰ ਨੇ ਜਾਣ ਬੁੱਝ ਕੇ ਸਾਨੂੰ ਬਦਨਾਮ ਕਰਨ ਅਤੇ ਚੋਣਾਂ ਵਿੱਚ ਲਾਹਾ ਲੈਣ ਲਈ ਸਾਡੇ ਵਿਰੁੱਧ ਪ੍ਰਚਾਰ ਕੀਤਾ ਪਰ ਹੁਣ ਸਾਬਤ ਹੋ ਗਿਆ ਕਿ ਇਹ ਸਭ ਕੁਝ ਗਲਤ ਪ੍ਰਾਪੇਗੰਡਾ ਸੀ।ਉਨਾਂ ਕਿਹਾ ਕਿ ਅਸੀਂ ਵਕੀਲ ਨਾਲ ਸਲਾਹ ਕਰਕੇ ਝੂਠੇ ਇਲਜ਼ਾਮ ਲਾਉਂਣ ਵਾਲਿਆਂ ਵਿਰੁੱਧ ਕਾਰਵਾਈ ਕਰਾਂਗੇ।

ਡਾਇਰੈਕਟਰ ਰੋਜ਼ਗਾਰ ਸਟੈਂਡਰਡ ਵਲੋਂ 8 ਮਈ 2023 ਨੂੰ ਦਿੱਤੇ ਗਏ ਇਕ ਫੈਸਲੇ ਵਿਚ ਗੁਰ ਸਿੱਖ ਟੈਂਪਲ ਅਤੇ ਸਿੱਖ ਹੈਰੀਟੇਜ ਮਿਊਜ਼ਮ ਸੁਸਾਇਟੀ ਦੇ ਤਤਕਾਲੀ ਸੈਕਟਰੀ ਜਤਿੰਦਰ ਸਿੰਘ ਗਿੱਲ ਖਿਲਾਫ ਕੀਤੀ ਗਈ ਸ਼ਿਕਾਇਤ ਨੂੰ ਗਲਤ ਸਬੂਤਾਂ ਅਤੇ ਪੁਖਤਾ ਤੱਥਾਂ ਦੀ ਘਾਟ ਕਾਰਣ ਰੱਦ ਕਰ ਦਿੱਤਾ ਹੈ ਤੇ ਆਪਣੇ ਫੈਸਲੇ ਵਿਚ ਕਿਹਾ ਹੈ ਕਿ ਸ਼ਿਕਾਇਤਕਰਤਾ ਪ੍ਰਭਜੋਤ ਸਿੰਘ ਵਲੋਂ ਜੋ ਰੋਜ਼ਗਾਰ ਸਟੈਂਡਰਡ ਐਕਟ ਦੀ ਧਾਰਾ 74 ਦੀ ਉਲੰਘਣਾ ਕੀਤੇ ਜਾਣ ਅਤੇ ਰੋਜ਼ਗਾਰਦਾਤਾ ਦੁਆਰਾ ਗੁੰਮਰਾਹ ਤੇ ਧੋਖਾ ਕੀਤੇ ਜਾਣ ਦੀ ਗੱਲ ਕੀਤੀ ਗਈ ਸੀ, ਜਾਂਚ ਪੜਤਾਲ ਦੌਰਾਨ ਅਜਿਹਾ ਕੁਝ ਵੀ ਸਾਹਮਣੇ ਨਹੀ ਆਇਆ ਉਲਟਾ ਸ਼ਿਕਾਇਤ ਕਰਤਾ ਵਲੋਂ ਪੇਸ਼ ਕੀਤੀਆਂ ਗਈਆਂ ਰਸੀਦਾਂ ਨੂੰ ਵੀ ਫਰਜੀ ਕਿਹਾ ਗਿਆ ਹੈ।

ਜਿਕਰਯੋਗ ਹੈ ਕਿ ਹੈ ਕਿ ਸ਼ਿਕਾਇਤਕਰਤਾ ਪ੍ਰਭਜੋਤ ਸਿੰਘ ਨੇ ਰੋਜ਼ਗਾਰ ਮਿਆਰ ਐਕਟ (ਐਕਟ) ਦੀ ਧਾਰਾ 74 ਤਹਿਤ ਸ਼ਿਕਾਇਤ ਦਰਜ ਕਰਵਾਈ ਸੀ ਕਿ ਗੁਰ ਸਿੱਖ ਟੈਂਪਲ ਅਤੇ ਸਿੱਖ ਹੈਰੀਟੇਜ ਮਿਊਜ਼ੀਅਮ ਸੋਸਾਇਟੀ (ਗੁਰ ਸਿੱਖ ਟੈਂਪਲ) ਨੇ ਗਲਤ ਜਾਣਕਾਰੀ ਦੇ ਕੇ ਐਕਟ ਦੀ ਉਲੰਘਣਾ ਕੀਤੀ ਹੈ।ਪ੍ਰਭਜੋਤ ਸਿੰਘ ਵਲੋਂ ਲਗਾਏ ਗਏ ਦੋਸ਼ਾਂ ਦੇ ਉਹ ਕੋਈ ਵੀ ਦਸਤਾਵੇਜੀ ਸਬੂਤ ਪੇਸ਼ ਨਹੀ ਕਰ ਸਕਿਆ।

ਸ਼ਿਕਾਇਤਕਰਤਾ ਨੇ ਰੋਜ਼ਗਾਰ ਸਟੈਂਡਰਡ ਸਬੰਧੀ ਜੋ ਵੀ ਸ਼ਿਕਾਇਤ ਕੀਤੀ ਸੀ, ਉਹਨਾਂ ਵਲੋਂ ਕੀਤੀ ਗਈ ਜਾਂਚ ਦੇ ਆਧਾਰ ਤੇ ਕਿਤੇ ਵੀ ਐਕਟ ਦੀ ਉਲੰਘਣਾ ਹੋਣ ਦੇ ਸਬੂਤ ਨਹੀ ਮਿਲੇ।

ਜਤਿੰਦਰ ਸਿੰਘ ਗਿੱਲ ਨੇ ਜਾਂਚ ਅਧਿਕਾਰੀ ਵਲੋਂ ਉਹਨਾਂ ਖਿਲਾਫ ਸ਼ਿਕਾਇਤ ਨੂੰ ਨਿਰਆਧਾਰ ਕਰਾਰ ਦਿੱਤੇ ਜਾਣ ਤੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਹੈ ਕਿ ਇਹ ਸਾਬਿਤ ਹੋ ਗਿਆ ਹੈ ਕਿ ਇਹ ਸ਼ਿਕਾਇਤ ਮੈਨੂੰ ਬਦਨਾਮ ਕੀਤੇ ਜਾਣ ਦੇ ਉਦੇਸ਼ ਨਾਲ ਕਰਵਾਈ ਗਈ ਸੀ ਪਰ ਉਹ ਇਸ ਮਾਮਲੇ ਵਿਚ ਸੱਚੇ ਸਨ।

ਉਹਨਾਂ ਨੇ ਤਾਂ ਪ੍ਰਭਜੋਤ ਸਿੰਘ ਦੀ ਕੇਵਲ ਇਕ ਗੁਰਸਿੱਖ ਵਜੋਂ ਮਦਦ ਕਰਨ ਦੀ ਕੋਸ਼ਿਸ਼ ਕੀਤੀ ਸੀ।

# ਭਾਰਤ ਸਣੇ ਕਈ ਦੇਸ਼ਾਂ 'ਚ ਧਾਰਮਿਕ ਭਾਈਚਾਰਿਆਂ ਨੂੰ ਬਣਾਇਆ ਜਾ ਰਿਹੈ ਨਿਸ਼ਾਨਾ:ਅਮਰੀਕਾ

ਵਾਸ਼ਿੰਗਟਨ : ਅਮਰੀਕਾ ਦੇ ਸੀਨੀਅਰ ਅਧਿਕਾਰੀ ਨੇ ਕਿਹਾ ਹੈ ਕਿ ਰੂਸ, ਭਾਰਤ, ਚੀਨ ਅਤੇ ਸਾਊਦੀ ਅਰਬ ਸਮੇਤ ਕਈ ਦੇਸ਼ਾਂ ਦੀਆਂ ਸਰਕਾਰਾਂ ਖੁੱਲ੍ਹੇਆਮ ਧਾਰਮਕ ਭਾਈਚਾਰਿਆਂ ਦੇ ਮੈਂਬਰਾਂ ਨੂੰ ਨਿਸ਼ਾਨਾ ਬਣਾ ਰਹੀਆਂ ਹਨ।

ਵਿਦੇਸ਼ ਵਿਭਾਗ ਨੇ ਕੌਮਾਂਤਰੀ ਧਾਰਮਕ ਆਜ਼ਾਦੀ 'ਤੇ ਆਪਣੀ ਸਾਲਾਨਾ ਰਿਪੋਰਟ ਜਾਰੀ ਕੀਤੀ, ਜੋ ਦੁਨੀਆ ਭਰ ਦੇ ਦੇਸ਼ਾਂ ਵਿਚ ਧਾਰਮਕ ਆਜ਼ਾਦੀ ਦੀ ਸਥਿਤੀ ਦਾ ਦਸਤਾਵੇਜ਼ ਹੈ।

ਕੌਮਾਂਤਰੀ ਧਾਰਮਕ ਆਜ਼ਾਦੀ ਦਫਤਰ ਦੇ ਵਿਸ਼ੇਸ਼ ਦੂਤ ਰਸ਼ਦ ਹੁਸੈਨ ਨੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਵੱਲੋਂ ਕੌਮਾਂਤਰੀ ਧਾਰਮਕ ਆਜ਼ਾਦੀ 2022 ਦੀ ਸਾਲਾਨਾ ਰਿਪੋਰਟ ਜਾਰੀ ਕਰਨ ਤੋਂ ਬਾਅਦ ਪ੍ਰੈੱਸ ਕਾਨਫਰੰਸ 'ਚ ਕਿਹਾ ਕਿ ਕਈ ਮੁਲਕਾਂ ਦੀਆਂ ਸਰਕਾਰਾਂ ਵੱਲੋਂ ਆਪਣੀਆਂ ਹੱਦਾਂ ਦੇ ਅੰਦਰ ਧਾਰਮਕ ਭਾਈਚਾਰਿਆਂ ਦੇ ਮੈਂਬਰਾਂ ਨੂੰ ਖੁੱਲ੍ਹੇਆਮ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਰਿਪੋਰਟ ਦੁਨੀਆ ਭਰ ਦੇ 200 ਦੇਸ਼ਾਂ ਅਤੇ ਖੇਤਰਾਂ 'ਚ ਧਾਰਮਕ ਆਜ਼ਾਦੀ ਦੀ ਸਥਿਤੀ ਦਾ ਵਿਆਪਕ ਦ੍ਰਿਸ਼ ਹੈ।

# ਗੁ. ਦੂਖ ਨਿਵਾਰਨ ਸਾਹਿਬ 'ਚ ਬੇਅਦਬੀ ਕਰਨ ਵਾਲੀ ਔਰਤ ਨੂੰ ਸੋਧਾ ਲਾਉਣ ਵਾਲੇ ਨੌਜਵਾਨ ਦੀ ਕਾਨੂੰਨੀ ਮੱਦਦ ਕਰੇਗੀ ਦਿੱਲੀ ਗੁਰਦੁਆਰਾ ਕਮੇਟੀ

ਨਵੀਂ ਦਿੱਲੀ- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਐਲਾਨ ਕੀਤਾ ਹੈ ਕਿ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ 'ਚ ਸਰੋਵਰ ਕੰਢੇ ਸ਼ਰਾਬ ਪੀ ਕੇ ਬੇਅਦਬੀ ਕਰਨ ਵਾਲੀ ਔਰਤ ਨੂੰ ਸੋਧਾ ਲਾਉਣ ਵਾਲੇ ਨੌਜਵਾਨ ਨਿਰਮਲਜੀਤ ਸਿੰਘ ਸੈਣੀ ਦੀ ਦਿੱਲੀ ਗੁਰਦੁਆਰਾ ਕਮੇਟੀ ਕਾਨੂੰਨੀ ਮਦਦ ਕਰੇਗੀ।ਪਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਪੰਜਾਬ ਵਿਚ ਗੁਰਦੁਆਰਾ ਸਾਹਿਬਾਨ ਦੇ ਅੰਦਰ ਵਾਰ ਵਾਰ ਬੇਅਦਬੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਉਹਨਾਂ ਕਿਹਾ ਕਿ ਇਕ ਔਰਤ ਵੱਲੋਂ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਚ ਸਰੋਵਰ ਦੇ ਕੰਢੇ ਬੈਠ ਕੇ ਸ਼ਰਾਬ ਪੀਤੀ ਤੇ ਬੇਅਦਬੀ ਕੀਤੀ।ਉਹਨਾਂ ਕਿਹਾ ਕਿ ਇਸ ਬੇਅਦਬੀ ਨੂੰ ਨੌਜਵਾਨ ਨਿਰਮਲਜੀਤ ਸਿੰਘ ਸੈਣੀ ਬਰਦਾਸ਼ਤ ਨਹੀਂ ਕਰ ਸਕਿਆ ਤੇ ਉਸਨੇ ਤੈਸ਼ ਵਿਚ ਆ ਕੇ ਉਸਨੂੰ ਗੋਲੀਆਂ ਮਾਰ ਕੇ ਮਾਰ ਮੁਕਾਇਆ। ਉਹਨਾਂ ਕਿਹਾ ਕਿ ਇਸ ਨੌਜਵਾਨ ਨੂੰ ਜਿਸ ਵੀ ਕਿਸਮ ਦੀ ਕਾਨੂੰਨੀ ਮਦਦ ਚਾਹੀਦੀ ਹੋਵੇਗੀ, ਦਿੱਲੀ ਗੁਰਦੁਆਰਾ ਕਮੇਟੀ ਉਹਪੂਰੀ ਮਦਦ ਮੁਹੱਈਆ ਕਰਵਾਏਗੀ ਕਿਉਂਕਿ ਇਸਦੀ ਜ਼ਿੰਮੇਵਾਰੀ ਬਣਦੀ ਹੈ ਕਿ ਗੁਰਧਾਮਾਂ ਦੇ ਮਾਮਲੇ ਵਿਚ ਜੇਕਰ ਕੁਝ ਹੁੰਦਾ ਹੈ ਤਾਂ ਅਜਿਹੇ ਵਿਅਕਤੀਆਂ ਦੀ ਮਦਦ ਕਰਨਾ ਸਾਡਾ ਫਰਜ਼ ਹੈ।ਉਹਨਾਂ ਕਿਹਾ ਕਿ ਸਾਡੇ ਵਕੀਲ ਜਲਦੀ ਹੀ ਉਕਤ ਨੌਜਵਾਨ ਨਾਲ ਮੁਲਾਕਾਤ ਕਰਨਗੇ ਤੇ ਜਿਸ ਵੀ ਤਰੀਕੇ ਕੇਸ ਦੀ ਪੈਰਵੀ ਕਰਨੀ ਪਈ ਕਰਨਗੇ।










# ਕਾਂਗਰਸ ਨੇ ਭਾਜਪਾ ਤੋਂ ਖੋਹਿਆ ਕਰਨਾਟਕ

ਕਰਨਾਟਕ ਵਿੰਚ ਲੰਮੇਂ ਸਮੇਂ ਤੋਂ ਕਿਸੇ ਪਾਰਟੀ ਨੂੰ ਪੂਰਨ ਬਹੁਮਤ ਨਹੀਂ ਮਿਲਿਆ ਸੀ ਅਤੇ ਜੇ.ਡੀ. ਐਸ ਦੇ ਸਮਰਥਨ ਨਾਲ ਸਰਕਾਰ ਬਣਦੀ ਰਹੀ। ਇਹ ਪਹਿਲਾ ਮੌਕਾ ਹੈ ਜਦ ਕਾਂਗਰਸ ਨੇ ਬਹੁਮਤ ਪ੍ਰਾਪਤ ਕੀਤਾ ਹੈ।ਨਿਰਸੰਦੇਹ ਇਹ ਕਾਂਗਰਸ ਦੀ ਬਹੁਤ ਵੱਡੀ ਜਿੱਤ ਹੈ ਤੇ ਕਾਂਗਰਸ ਨੇ ਭਾਜਪਾ ਤੋਂ ਕਰਨਾਟਕ ਖੋਹ ਲਿਆ ਹੈ। ਇਸ ਸੰਦਰਭ ਵਿੰਚ ਜੇਕਰ ਭਾਜਪਾ ਦੀ ਗੱਲ ਕਰੀਏ ਤਾਂ ਕੇਂਦਰ ਸਰਕਾਰ ਦੀਆਂ ਪੂਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬਜਰੰਗ ਬਲੀ ਦਾ ਅਸ਼ੀਰਵਾਦ ਨਹੀਂ ਮਿਲਿਆ। ਜੇਕਰ ਵੇਖਿਆ ਜਾਵੇ ਤਾਂ ਮੋਦੀ ਨੇ ਕਰਨਾਟਕ ਵਿੰਚ ਬਜਰੰਗ ਬਲੀ ਦਾ ਨਿਰਾਦਰ ਕੀਤਾ। ਕੋਈ ਵੀ ਦੇਵੀ-ਦੇਵਤਾ ਹੋਵੇ, ਉਸਦੀ ਪੂਜਾ ਕੀਤੀ ਜਾਂਦੀ ਹੈ, ਉਸਨੂੰ ਸ਼ਤਰੰਜ ਦੇ ਮੋਹਰੇ ਵਾਂਗ ਇਸਤੇਮਾਲ ਨਹੀਂ ਕੀਤਾ ਜਾਂਦਾ।ਕਰਨਾਟਕ ਦੀ ਚੋਣ ਵਿੰਚ ਕਾਂਗਰਸ ਦੀ ਜਿੱਤ ਕਿਉਂ ਹੋਈ ਸਵਾਲ ਇਹ ਨਹੀਂ ਬਲਕਿ ਸਵਾਲ ਇਹ ਹੈ ਕਿ ਭਾਜਪਾ ਨੂੰ ਹਾਰ ਦਾ ਮੂੰਹ ਕਿਉਂ ਵੇਖਣਾ ਪਿਆ?ਇਸ ਤੋਂ ਇਲਾਵਾ ਕਰਨਾਟਕ ਵਿੱਚ ਭਾਜਪਾ ਦੀ ਹਾਰ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਲੋਕਪ੍ਰਿਯਤਾ ਉਪਰ ਅਸਰ ਵੀ ਪਵੇਗਾ।ਸਿਆਸੀ ਅਖਾੜੇ ਵਿੱਚਜਿਵੇਂ ਹੀ ਕਿਸੇ ਦੀ ਪਿੰਠ ਲੰਗਦੀ ਹੈ ਲੋਕ ਉਹਨਾਂ ਵੱਲ ਪਿੰਠ ਕਰਕੇ ਖੜੇ ਹੋ ਜਾਂਦੇ ਹਨ। ਮੋਦੀ ਨਾਲ ਇਹੀ ਹੋਇਆ।ਕਾਂਗਰਸ ਨੇ ਕਰਨਾਟਕ ਵਿੱਚ ਜੋ ਕਮਾਲ ਵਿਖਾਇਆ ਉਸਨੇ ਭਾਜਪਾ ਦੀ ਕਿਸੇ ਵੀ ਚਾਲ ਲਈ ਕੋਈ ਜਗ੍ਹਾ ਨਹੀਂ ਛੱਡੀ।ਕਾਂਗਰਸ ਨੇ ਭਾਜਪਾ ਨੂੰ ਪੂਰੀ ਤਰ੍ਹਾਂ ਬੇਸੁਰੀ ਕਰ ਦਿੰਤਾ ਹੈ। ਹਾਲੇ ਮੱਧ ਪ੍ਰਦੇਸ਼ ਅਤੇ ਰਾਜਸਥਾਨ ਸਮੇਤ ਕੁੱਝ ਹੋਰ ਰਾਜਾਂ ਵਿੱਚ ਵੀ ਚੋਣਾਂ ਹੋਣੀਆਂ ਹਨ। ਸੁਭਾਵਕ ਹੈ ਇਹਨਾਂ ਵਿੱਚ ਭਾਜਪਾ ਕਰਨਾਟਕ ਵਾਲੀ ਕਾਰਗੁਜ਼ਾਰੀ ਨੂੰ ਲੈ ਕੇ ਨਾ ਕੇਵਲ ਬਹੁਤ ਗੰਭੀਰ ਹੋਵੇਗੀ ਬਲਕਿ ਕਰਨਾਟਕ ਦਾ ਬਦਲਾ ਲੈਣ ਦੀ ਕੋਸ਼ਿਸ਼ਾ ਵੀ ਕਰੇਗੀ।ਕੀ ਹੁਣ ਬਜਰੰਗ ਬਲੀ ਦੀ ਜਗ੍ਹਾ ਕਿਸੇ ਹੋਰ ਦੇਵਤੇ ਦਾ ਸਹਾਰਾ ਲਿਆ ਜਾਵੇਗਾ? ਲੋਕਾਂ ਨੂੰ ਰੇਉੜੀਆਂ ਵੰਡਣ ਦਾ ਕੰਮ ਵੀ ਤੇਜ਼ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਦੇ ਕਈ ਸਵਾਲ ਹਨ ਜੋ ਭਾਜਪਾ ਦੇ ਗਲਿਆਰਿਆਂ ਵਿੱਚ ਚਰਚਾ ਦਾ ਵਿਸ਼ਾ ਬਣ ਗਏ ਹਨ। ਕੁੱਲ ਮਿਲਾਕੇ ਭਾਜਪਾ ਦਾ ਆਉਣ ਵਾਲਾ ਸਮਾਂ ਕਿਸ ਤਰ੍ਹਾਂ ਦਾ ਹੁੰਦਾ ਹੈ। ਇਹ ਤਾਂ ਸਮਾਂ ਦਸੇਗਾ ਪਰ ਮੋਦੀ, ਅਮਿਤਸ਼ਾਹ ਅਤੇ ਜੇ.ਪੀ ਨੰਡਾ ਦੀ ਤਿਕੜੀ ਫੇਲ੍ਹ ਹੋ ਗਈਹੈ । ਜਿਥੋਂ ਤੰਕ ਪੰਜਾਬ ਦੀ ਜਲੰਧਰ ਉਪ ਚੋਣ ਦਾ ਸਵਾਲ ਹੈ ਤਾਂ ਇਸ ਸਬੰਧ ਵਿੰਚ ਜੋ ਸੰਕੇਤ ਮਿਲੇ ਹਨ ਉਹਨਾਂ ਤੋਂ ਪਤਾ ਲਗਦਾ ਹੈਕਿ ਸੁਸ਼ੀਲ ਕੁਮਾਰ ਰਿੰਕੂ ਨੂੰ ਜਿਸ ਤਰ੍ਹਾਂ ਦੇ ਹਾਲਾਤ ਵਿੰਚ ਪਾਰਟੀ ਛਡਕੇ ''ਆਪ'' ਵਿੱਚ ਜਾਣ ਲਈ ਮਜਬੂਰ ਹੋਣਾ ਪਿਆ ਉਸਦਾ ਕਾਂਗਰਸੀਆਂ ਵਿੰਚ ਬਹੁਤ ਗੁੱਸਾ ਸੀ। ਇਸ ਗੁੱਸੇ ਨੇ ਰਿੰਕੂ ਦੀ ਜਿੱਤ ਵਿੱਚ ਬਹੁਤ ਅਹਿਮ ਰੋਲ ਨਿਭਾਇਆ। ਵੇਖਿਆ ਜਾਵੇ ਤਾਂ ਇਹ ਆਮ ਆਦਮੀ ਪਾਰਟੀ ਦੀ ਜਿੱਤ ਨਹੀਂ ਬਲਕਿ ਨਾਰਾਜ਼ ਕਾਂਗਸੀਆਂ ਦੀ ਜਿੱਤ ਹੈ।ਵਿਭੀਸ਼ਣ ਨੇ ਜੇ ਰਾਵਣ ਨਾਲ ਗੰਦਾਰੀ ਨਾ ਕੀਤੀ ਹੁੰਦੀ ਹੈ ਤਾਂ ਰਾਵਣ ਨੂੰ ਮਾਰਨਾ ਬਹੁਤ ਮੁਸ਼ਕਿਲ ਸੀ।ਇਸ ਲਈ ਇਹਨਾਂ ਚੋਣਾਂ ਨੂੰ ਜੇਕਰ ਕਰਨਾਟਕ ਦੇ ਆਇਨੇ ਵਿੰਚ ਵੇਖੀਏ ਤਾਂ ਕਾਂਗਰਸ ਤੋਂ ਸਿਵਾ ਕੋਈ ਹੋਰ ਚਿਹਰਾ ਨਜ਼ਰ ਨਹੀਂ ਆਉਂਦਾ।

# ਮਨੀਪੁਰ ਵਿਚ ਭਾਰਤ ਤੋਂ ਵੱਖਰੇ ਹੋਣ ਦੀ ਮੰਗ ਨੇ ਫੜਿਆ ਜ਼ੋਰ



ਇੰਫਾਲ:ਮਨੀਪੁਰ ਵਿੱਚ ਬੀਰੇਨ ਸਿੰਘ ਦੀ ਅਗਵਾਈ ਵਾਲੀ ਭਾਰਤੀ ਜਨਤਾ ਪਾਰਟੀ (ਭਾਜਪਾ) ਸਰਕਾਰ ਦੇ ਮੰਤਰੀਆਂ ਅਤੇ ਰਾਜ ਦੇ ਕੁਕੀ-ਜ਼ੋਮੀ ਭਾਈਚਾਰੇ ਨਾਲ ਸਬੰਧਤ 10 ਵਿਧਾਇਕ ਸ਼ਾਮਲ ਹਨ, ਨੇ ਇੱਕ ਪ੍ਰੈਸ ਬਿਆਨ ਜਾਰੀ ਕਰਕੇ ਕੇਂਦਰ ਸਰਕਾਰ ਨੂੰ ਮਨੀਪੁਰ ਨੂੰ 'ਵੱਖ ਕਰਨ' ਲਈ ਕਿਹਾ ਹੈ।4 ਮਈ ਨੂੰ ਥਾਨਟਨ ਤੋਂ ਭਾਜਪਾ ਵਿਧਾਇਕ ਵਾਲਟੇ ਨੂੰ ਮੁੱਖ ਮੰਤਰੀ ਨਾਲ ਮੀਟਿੰਗ ਤੋਂ ਬਾਅਦ ਘਰ ਪਰਤਦੇ ਸਮੇਂ ਰਾਜਧਾਨੀ ਇੰਫਾਲ ਵਿੱਚ ਭੀੜ ਨੇ ਗੰਭੀਰ ਰੂਪ ਵਿੱਚ ਜ਼ਖਮੀ ਕਰ ਦਿੱਤਾ ਸੀ। ਉਸ ਨੂੰ ਹੋਰ ਇਲਾਜ ਲਈ ਨਵੀਂ ਦਿੱਲੀ ਲਿਜਾਇਆ ਗਿਆ।ਉੱਤਰ-ਪੂਰਬੀ ਰਾਜ ਮਨੀਪੁਰ ਵਿੱਚ ਕੁਕੀ-ਜ਼ੋ ਅਤੇ ਮੇਤੇਈ ਭਾਈਚਾਰਿਆਂ ਦਰਮਿਆਨ ਕਈ ਦਿਨਾਂ ਦੀਆਂ ਨਸਲੀ ਝੜਪਾਂ ਵਿੱਚ ਘੱਟੋ-ਘੱਟ 60 ਲੋਕਾਂ ਦੀ ਜਾਨ ਗਵਾਉਣ ਅਤੇ ਘੱਟੋ-ਘੱਟ 200 ਜ਼ਖਮੀ ਹੋਣ ਦੇ ਕੁਝ ਦਿਨ ਬਾਅਦ ਆਈ ਹੈ। ਇਸ ਦੌਰਾਨ ਸੈਂਕੜੇ ਜਾਇਦਾਦਾਂ ਨੂੰ ਨੁਕਸਾਨ ਪਹੁੰਚਿਆ ਹੈ ਅਤੇ ਹਜ਼ਾਰਾਂ ਲੋਕ ਬੇਘਰ ਹੋ ਗਏ ਹਨ।ਮੁੱਖ ਮੰਤਰੀ ਐਨ. ਬੀਰੇਨ ਸਿੰਘ ਨੇ ਪ੍ਰੈੱਸ ਕਾਨਫਰੰਸ 'ਚ ਕਿਹਾ ਸੀ ਕਿ ਹਿੰਸਾ ਦੌਰਾਨ ਧਾਰਮਿਕ ਸਥਾਨਾਂ ਸਮੇਤ 1700 ਘਰਾਂ ਨੂੰ ਸਾੜ ਦਿੱਤਾ ਗਿਆ ਹੈ।ਵੱਖਰੇ ਹੋਣ ਦੀ ਮੰਗ ਕਰਨ ਵਾਲਿਆਂ ਵਿਧਾਇਕਾਂ ਨੇ ਬਿਆਨ ਵਿੱਚ ਕਿਹਾ ਗਿਆ ਹੈ, "ਸਾਡੇ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹੋਣ ਦੇ ਨਾਤੇ, ਅਸੀਂ ਅੱਜ ਆਪਣੇ ਲੋਕਾਂ ਦੀਆਂ ਭਾਵਨਾਵਾਂ ਦੀ ਪ੍ਰਤੀਨਿਧਤਾ ਕਰਦੇ ਹਾਂ ਅਤੇ ਮਨੀਪੁਰ ਰਾਜ ਨੂੰ ਭਾਰਤ ਤੋਂ ਵੱਖ ਹੋਣ ਦੀ ਉਨ੍ਹਾਂ ਦੀ ਸਿਆਸੀ ਇੱਛਾ ਦਾ ਸਮਰਥਨ ਕਰਦੇ ਹਾਂ।"ਇਸ ਵਿਚ ਅੱਗੇ ਕਿਹਾ ਗਿਆ ਹੈ, 'ਜਿਵੇਂ ਕਿ ਮਨੀਪੁਰ ਰਾਜ ਸਾਡੀ ਰੱਖਿਆ ਕਰਨ ਵਿਚ ਬੁਰੀ ਤਰ੍ਹਾਂ ਅਸਫਲ ਰਿਹਾ ਹੈ।'ਇਹ ਪੁੱਛੇ ਜਾਣ 'ਤੇ ਕਿ 'ਵੱਖਰਾ ਰਾਜ' ਕਿਹੋ ਜਿਹਾ ਹੋਵੇਗਾ, ਭਾਜਪਾ ਵਿਧਾਇਕ ਲਿਤਪਾਓ ਹਾਓਕਿਪ ਨੇ 'ਦਿ ਇੰਡੀਅਨ ਐਕਸਪ੍ਰੈਸ' ਨੂੰ ਦੱਸਿਆ, 'ਇਹ ਭਾਰਤ ਸਰਕਾਰ 'ਤੇ ਨਿਰਭਰ ਕਰਦਾ ਹੈ ਕਿ ਇਹ ਵੱਖਰਾ ਰਾਜ ਹੋਵੇਗਾ ਜਾਂ ਕੇਂਦਰ ਸ਼ਾਸਿਤ ਪ੍ਰਦੇਸ਼।ਮੋਦੀ ਸਰਕਾਰ 2016 ਦੇ ਅੱਧ ਤੋਂ ਕੁਕੀ ਹਥਿਆਰਬੰਦ ਸਮੂਹਾਂ ਨਾਲ ਸ਼ਾਂਤੀ ਵਾਰਤਾ ਕਰ ਰਹੀ ਹੈ। ਇਹਨਾਂ ਸਮੂਹਾਂ ਨੇ ਆਸਾਮ ਦੇ ਬੋਡੋ ਖੇਤਰਾਂ ਦੀ ਤਰਜ਼ 'ਤੇ, ਇੱਕ ਖੁਦਮੁਖਤਿਆਰੀ ਖੇਤਰੀ ਕੌਂਸਲ 'ਤੇ ਆਪਣੀਆਂ ਉਮੀਦਾਂ ਟਿਕਾਈਆਂ ਹਨ।ਮਨੀਪੁਰ ਸਟੂਡੈਂਟਸ ਐਸੋਸੀਏਸ਼ਨ ਦਿੱਲੀ (ਐਮਐਸਏਡੀ) ਦੇ ਇੱਕ ਸਲਾਹਕਾਰ, ਤਖੇਲੰਬਮ ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ, ਉੱਤਰ ਪੂਰਬ ਦੇ ਹੋਰ ਵਿਦਿਆਰਥੀ ਸੰਗਠਨਾਂ ਦੇ ਨਾਲ, ਮਦਦ ਲਈ ਅਧਿਕਾਰੀਆਂ ਅਤੇ ਨੇਤਾਵਾਂ ਨੂੰ ਮਿਲ ਰਹੀ ਹੈ।'ਵੱਖਰੇ ਕੂਕੀ ਰਾਜ' ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ 3 ਮਈ ਦੇ ਸੰਘਰਸ਼ ਨੇ ਇਸ ਮੰਗ ਨੂੰ ਮੁੜ ਸੁਰਜੀਤ ਕੀਤਾ ਜਾਪਦਾ ਹੈ।ਮਣੀਪੁਰ ਵਿੱਚ ਮੀਤੀ ਭਾਈਚਾਰਾ ਆਬਾਦੀ ਦਾ ਲਗਭਗ 53 ਪ੍ਰਤੀਸ਼ਤ ਬਣਦਾ ਹੈ ਅਤੇ ਜ਼ਿਆਦਾਤਰ ਇੰਫਾਲ ਘਾਟੀ ਵਿੱਚ ਰਹਿੰਦਾ ਹੈ। ਕਬਾਇਲੀ, ਨਾਗਾ ਅਤੇ ਕੂਕੀ ਸਮੇਤ, ਆਬਾਦੀ ਦਾ 40 ਪ੍ਰਤੀਸ਼ਤ ਬਣਦੇ ਹਨ ਅਤੇ ਜ਼ਿਆਦਾਤਰ ਪਹਾੜੀ ਜ਼ਿਲ੍ਹਿਆਂ ਵਿੱਚ ਰਹਿੰਦੇ ਹਨ ਜੋ ਘਾਟੀ ਖੇਤਰ ਨੂੰ ਘੇਰਦੇ ਹਨ।

# ਠਾਕੁਰਾਂ ਦਾ ਜਾਤੀ ਘੁਮੰਡ

ਠਾਕੁਰ ਜਾਤ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੇ ਸੱਤਾ ਸੰਭਾਲਣ ਤੋਂ ਬਾਅਦ ਯੂ ਪੀ ਅੰਦਰ ਦਲਿਤ ਜਾਤੀਆਂ ਉੱਤੇ ਜਬਰ ਦਾ ਕੁਹਾੜਾ ਤੇਜ਼ੀ ਨਾਲ ਚੱਲਣਾ ਸ਼ੁਰੂ ਹੋ ਗਿਆ ਸੀ। ਪਿਛਲੇ ਦਿਨੀਂ ਆਗਰਾ ਦੇ ਮੁਹੱਲੇ ਸੁਹੱਲਾ ਜਾਟਵ ਬਸਤੀ ਵਿੱਚ ਇੱਕ 24 ਸਾਲਾ ਦਲਿਤ ਲਾੜੇ ਦੀ ਘੋੜੀ ਚੜ੍ਹਨ ਕਾਰਨ ਉੱਚੀ ਜਾਤ ਦੇ ਲੋਕਾਂ ਨੇ ਕੁੱਟਮਾਰ ਕੀਤੀ ਤੇ ਘੋੜੀ ਤੋਂ ਉਤਰਨ ਲਈ ਮਜਬੂਰ ਕਰ ਦਿੱਤਾ।ਲਾੜੇ ਦੀ ਸੱਸ ਗੀਤਾ ਜਾਟਵ ਨੇ ਆਗਰੇ ਦੇ ਸਦਰ ਬਜ਼ਾਰ ਥਾਣੇ ਵਿੱਚ ਦਰਜ ਕਰਾਈ ਰਿਪੋਰਟ ਵਿੱਚ ਕਿਹਾ ਹੈ ਕਿ ਉਸ ਦੀ ਬੇਟੀ ਦੀ ਬਰਾਤ ਜਦੋਂ ਮੁਹੱਲੇ ਵਿੱਚੋਂ ਗੁਜ਼ਰ ਰਹੀ ਸੀ ਤਾਂ ਉੱਚ ਜਾਤੀ ਦੇ 20-25 ਲੱਠਮਾਰਾਂ ਨੇ ਲਾੜੇ ਨੂੰ ਘੋੜੀ ਤੋਂ ਉਤਰਨ ਲਈ ਮਜਬੂਰ ਕਰ ਦਿੱਤਾ। ਉਨ੍ਹਾਂ ਦਾ ਕਹਿਣਾ ਸੀ ਕਿ ਸਾਡੇ ਪਿੰਡ ਵਿੱਚ ਦਲਿਤ ਘੋੜੀ ਨਹੀਂ ਚੜ੍ਹਦੇ, ਤੁਹਾਡੀ ਹਿੰਮਤ ਕਿਵੇਂ ਹੋਈ? ਗੀਤਾ ਨੇ ਅੱਗੇ ਕਿਹਾ ਕਿ ਜਦੋਂ ਬਸਤੀ ਦੇ ਦਲਿਤ ਲੋਕ ਝਗੜਾ ਨਿਪਟਾਉਣ ਆਏ ਤਾਂ ਲੱਠਮਾਰਾਂ ਨੇ ਉਨ੍ਹਾਂ ਨੂੰ ਕੁੱਟ ਕੇ ਭਜਾ ਦਿੱਤਾ ਤੇ ਔਰਤਾਂ ਨਾਲ ਛੇੜਛਾੜ ਵੀ ਕੀਤੀ।ਗੀਤਾ ਦੀ ਸ਼ਿਕਾਇਤ 'ਤੇ ਪੁਲਸ ਨੇ ਯੋਗੇਸ਼ ਠਾਕੁਰ, ਸੋਨੂੰ ਠਾਕੁਰ ਰਾਹੁਲ, ਕੁਣਾਲ ਤੇ ਸ਼ਿਸ਼ੂਪਾਲ ਸਣੇ 20 ਅਗਿਆਤ ਵਿਅਕਤੀਆਂ ਵਿਰੁੱਧ ਅਨੁਸੂਚਿਤ ਜਾਤੀ ਤੇ ਅਨੁਸੂਚਿਤ ਜਨਜਾਤੀ ਐਕਟ ਅਧੀਨ ਵੱਖ-ਵੱਖ ਧਾਰਾਵਾਂ ਲਾ ਕੇ ਮੁਕੱਦਮਾ ਦਰਜ ਕਰ ਲਿਆ ਹੈ। ਹਾਲਾਂਕਿ ਪੁਲਸ ਮੁਤਾਬਕ ਕਿਸੇ ਨੂੰ ਵੀ ਗ੍ਰਿਫ਼ਤਾਰ ਨਹੀਂ ਕੀਤਾ ਗਿਆ।


GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ
Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750



CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic



UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਕੀ ਹਿੰਦੂਤਵੀ ਜਥੇਬੰਦੀਆਂ ਨੂੰ ਸੱਪ ਸੁੰਘ ਗਿਆ ਹੈ?

## ਹਰ ਗੱਲ 'ਚ ਪਾਕਿਸਤਾਨ ਦਾ ਹੱਥ ਦੇਖਣ ਵਾਲਿਆਂ ਦੀ ਪ੍ਰਦੀਪ ਕੁਰੂਲਕਰ ਦੀ ਗ੍ਰਿਫਤਾਰੀ 'ਤੇ ਚੁੱਪੀ ਕਿਉਂ?

•ਸੁਭਾਸ਼ ਗਤਾੜੇ

ਆਜ਼ਾਦੀ ਤੋਂ ਮਹਿਜ਼ ਇੱਕ ਦਹਾਕੇ ਬਾਅਦ, 1958 ਵਿੱਚ ਭਾਰਤੀ ਫੌਜ ਅਤੇ ਰੱਖਿਆ ਵਿਗਿਆਨ ਸੰਗਠਨ ਆਦਿ ਦੇ ਤਕਨੀਕੀ ਵਿਕਾਸ ਅਦਾਰਿਆਂ ਨੂੰ ਸ਼ਾਮਲ ਕਰਕੇ ਬਣਾਈ ਗਈ ਡੀਆਰਡੀਓ (ਰੱਖਿਆ ਖੋਜ ਅਤੇ ਵਿਕਾਸ ਸੰਗਠਨ) ਅੱਜਕੱਲ੍ਹ ਵੱਖ-ਵੱਖ ਕਾਰਨਾਂ ਕਰਕੇ ਸੁਰਖੀਆਂ ਵਿੱਚ ਹੈ।

ਇਹ ਮਹਿਕਮਾਂ ਆਪਣੀਆਂ ਪੰਜਾਹ ਤੋਂ ਵੱਧ ਪ੍ਰਯੋਗਸ਼ਾਲਾਵਾਂ ਰਾਹੀਂ 'ਅਗਨੀ' ਅਤੇ ਪ੍ਰਿਥਵੀ ਮਿਜ਼ਾਈਲਾਂ, ਹਲਕੇ ਲੜਾਕੂ ਜਹਾਜ਼, ਤੇਜਸ, ਵੱਖ-ਵੱਖ ਰੇਂਜ ਦੇ ਰਾਡਾਰ ਜੋ ਸੁਰੱਖਿਆ ਲਈ ਬਹੁਤ ਮਹੱਤਵਪੂਰਨ ਹਨ, ਬਣਾਉਂਦਾ ਹੈ।ਇਲੈਕਟ੍ਰਾਨਿਕ ਯੁੱਧ ਪ੍ਰਣਾਲੀਆਂ ਨੂੰ ਵਿਕਸਤ ਕਰਦਾ ਹੈ।,ਇਸ ਮਹਿਕਮੇ ਦਾ ਇੱਕ ਸੀਨੀਅਰ ਡਾਇਰੈਕਟਰ ਪੱਧਰ ਦਾ ਅਧਿਕਾਰੀ ਜੋ ਇੱਕ ਵਿਗਿਆਨੀ ਵੀ ਹੈ, ਨੂੰ ਪਾਕਿਸਤਾਨ ਲਈ ਜਸੂਸੀ ਕਰਨ ਦੇ ਦੋਸ਼ ਵਿੱਚ ਫੜਿਆ ਗਿਆ ਹੈ, ਜਿਸਦਾ ਨਾਮ ਪ੍ਰੋਫੈਸਰ ਪ੍ਰਦੀਪ ਕੁਰੂਲਕਰ ਹੈ ਤੇ ਆਰ ਐਸ ਐਸ ਹਿੰਦੂਤਵੀ ਸੰਗਠਨ ਦਾ ਵੀ ਆਗੂ ਹੈ।

ਇਸ ਗੱਲ ਦੇ ਪੁਖਤਾ ਸਬੂਤ ਹਨ ਕਿ ਇਹ ਪਾਕਿਸਤਾਨ ਦੀ ਆਈਐਸਆਈ ਦੀ ਇੱਕ ਮਹਿਲਾ ਏਜੰਟ ਦੇ ਸੰਪਰਕ ਵਿੱਚ ਸੀ ਅਤੇ ਵਟਸਐਪ ਸੰਦੇਸ਼ਾਂ, ਟੈਲੀਫੋਨ ਕਾਲਾਂ ਅਤੇ ਲੈਪਟਾਪ ਰਾਹੀਂ ਗੁਪਤ ਸੂਚਨਾਵਾਂ ਦਿੰਦਾ ਸੀ।ਉਸ ਦਾ ਮੋਬਾਈਲ, ਲੈਪਟਾਪ ਆਦਿ ਵੀ ਜਾਂਚ ਅਧਿਕਾਰੀਆਂ ਨੇ ਬਰਾਮਦ ਕਰ ਲਿਆ ਹੈ ਅਤੇ ਉਸ ਦੀ ਵਿਦੇਸ਼ ਯਾਤਰਾਵਾਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ।

ਭਾਰਤ ਦਾ ਮੁੱਖਧਾਰਾ ਮੀਡੀਆ ਇਸ ਮਹੱਤਵਪੂਰਨ ਗ੍ਰਿਫਤਾਰੀ ਬਾਰੇ ਚੁੱਪ ਰਿਹਾ ਸਿਰਫ ਕੁਝ ਕੁ ਅਖਬਾਰਾਂ ਨੇ ਤੱਥਾਂ ਨੂੰ ਪੇਸ਼ ਕਰਨ ਦੀ ਖੇਚਲ ਕੀਤੀ ਹੈ ਅਤੇ ਕੁਝ ਭਾਸ਼ਾਈ ਅਖਬਾਰਾਂ ਨੇ ਸੱਚ ਨੂੰ ਸਾਹਮਣੇ ਲਿਆਉਣ ਦਾ ਨਿਡਰ ਯਤਨ ਕੀਤਾ ਹੈ।ਅਸਲ ਵਿੱਚ ਪਿਛਲੇ ਨੌਂ ਸਾਲਾਂ ਤੋਂ ਮੁੱਖਧਾਰਾ ਦਾ ਮੀਡੀਆ ਖਾਮੋਸ਼ ਹੈ। ਗੋਦੀ ਮੀਡੀਆ ਨੇ ਅਜਿਹੇ ਮੁੱਦਿਆਂ 'ਤੇ ਚੁੱਪ ਰਹਿਣ ਦਾ ਸਟੈਂਡ ਅਪਣਾਇਆ ਹੈ ਤਾਂ ਕਿ ਦੇਸ਼ ਦੀ ਮੁੱਖ ਸੱਤਾਧਾਰੀ ਧਿਰ ਬੇਚੈਨ ਨਾ ਹੋਵੇ ।ਪ੍ਰਦੀਪ ਕੁਰੂਲਕਰ, ਖੋਜ ਅਤੇ ਵਿਕਾਸ ਸਥਾਪਨਾ ਦੀ ਸਿਸਟਮਜ਼ ਇੰਜੀਨੀਅਰਿੰਗ ਪ੍ਰਯੋਗਸ਼ਾਲਾ ਦੇ ਨਿਰਦੇਸ਼ਕ ਦਾ ਅਹੁਦਾ ਸੰਭਾਲ ਰਿਹਾ ਸੀ, ਜੋ ਕਈ ਫੌਜੀ ਇੰਜੀਨੀਅਰਿੰਗ ਦੇ ਵਿਕਾਸ ਵਿੱਚ ਪ੍ਰਮੁੱਖ ਡਿਜ਼ਾਈਨਰ ਰਿਹਾ ਹੈ, ਅਤੇ ਮਿਜ਼ਾਈਲ ਲਾਂਚਰਾਂ ਅਤੇ ਸਬਸੋਨਿਕ ਕਰੂਜ਼ ਸਾਜ਼ੋ-ਸਾਮਾਨ ਦੇ ਵਿਕਾਸ ਵਿੱਚ ਵੀ ਸ਼ਾਮਲ ਸੀ - ਇਹ ਗ੍ਰਿਫਤਾਰੀ, ਜੋ ਇੱਕ ਤਰ੍ਹਾਂ ਨਾਲ ਭਾਰਤ ਦੇ ਰੱਖਿਆ ਵਿਭਾਗ ਵਿੱਚ ਗੁਆਂਢੀ ਦੇਸ਼ ਦੀ ਘੁਸਪੈਠ ਨੂੰ ਵੀ ਦਰਸਾਉਂਦੀ ਹੈ।ਪਰ ਕਮਾਲ ਹੋ ਗਈ,ਆਪਣੇਂ ਹੱਕ ਮੰਗ ਰਹੇ ਕਿਸਾਨਾ ਜਾਂ ਹੋਰ ਘੱਟ ਗਿਣਤੀਆਂ ਲੋਕਾਂ




ਪਾਕਿ ਲਈ ਜਸੂਸੀ ਦਾ ਦੋਸ਼ੀ ਪ੍ਰੋਫੈਸਰ ਪ੍ਰਦੀਪ ਕੁਰੂਲਕਰ ਆਰ.ਐਸ.ਐਸ ਦੇ ਸਮਾਗਮ ਵਿੱਚ

ਨੂੰ ਪਾਕਿਸਤਾਨੀ ਏਜੰਟ ਕਹਿਣ ਵਾਲੇ 'ਦੇਸ਼ ਭਗਤ' ਮੀਡੀਆ ਦੇ ਧਿਆਨ ਵਿੱਚ ਕਿਉਂ ਨਹੀਂ ਗਈ?

ਸਭ ਤੋਂ ਅਹਿਮ ਸਵਾਲ ਇਸ ਗੰਭੀਰ ਮਾਮਲੇ ਦੀ ਜਾਂਚ ਦਾ ਹੈ। ਜਿਵੇਂ ਹੀ ਇਹ ਮਾਮਲਾ ਸਾਹਮਣੇ ਆਇਆ ਕਿ ਪਾਕਿਸਤਾਨ ਲਈ ਜਾਸੂਸੀ ਕਰਨ ਵਾਲੇ ਪ੍ਰੋਫੈਸਰ ਪ੍ਰਦੀਪ ਕੁਰੂਲਕਰ ਦਾ ਨਾਂ ਸਾਹਮਣੇ ਆਇਆ ਤਾਂ ਇਸ ਦੀ ਜਾਂਚ ਸੂਬੇ ਦੀ ਏ.ਟੀ.ਐੱਸ. ਯਾਨੀ ਅੱਤਵਾਦ ਵਿਰੋਧੀ ਦਸਤੇ ਨੂੰ ਸੌਂਪ ਦਿੱਤੀ ਗਈ।2008 ਦੇ ਅੱਤਵਾਦੀ ਹਮਲੇ ਤੋਂ ਬਾਅਦ, ਕੇਂਦਰੀ ਪੱਧਰ 'ਤੇ ਅਜਿਹੇ ਮਾਮਲਿਆਂ ਦੀ ਜਾਂਚ ਲਈ ਐਨਆਈਏ (ਰਾਸ਼ਟਰੀ ਜਾਂਚ ਏਜੰਸੀ) ਦਾ ਗਠਨ ਕੀਤਾ ਗਿਆ ਸੀ - ਜੋ ਇਸ ਮਾਮਲੇ ਵਿੱਚ ਵਧੇਰੇ ਤਜਰਬੇਕਾਰ ਮੰਨਿਆ ਜਾਂਦਾ ਹੈ। ਇਸ ਦੀ ਜਾਂਚ ਅਜੇ ਤੱਕ ਇਸ ਏਜੰਸੀ ਨੂੰ ਕਿਉਂ ਨਹੀਂ ਸੌਂਪੀ ਗਈ?ਇਹ ਵੀ ਇਤਿਹਾਸ ਬਣ ਗਿਆ ਹੈ ਕਿ ਮਹਾਰਾਸ਼ਟਰ ਏ.ਟੀ. ਐਸ. ਦੇ ਮੁਖੀ ਜੈਬ ਹੇਮੰਤ ਕਰਕਰੇ ਦੀ ਸ਼ਹਾਦਤ ਤੋਂ ਬਾਅਦ ਕਿਵੇਂ ਇਸ ਏਜੰਸੀ ਨੇ ਹਿੰਦੂਤਵੀ ਦਹਿਸ਼ਤ ਦੇ ਸਾਰੇ ਮਾਮਲਿਆਂ ਨੂੰ ਉਲਝਾ ਦਿੱਤਾ ਅਤੇ ਇੱਕ ਇੱਕ ਕਰਕੇ ਹਿੰਦੂਤਵੀ ਅੱਤਵਾਦ ਦੇ ਦੋਸ਼ੀ ਬਰੀ ਹੁੰਦੇ ਗਏ।।

ਦਰਅਸਲ, ਹੇਮੰਤ ਕਰਕਰੇ ਨੇ ਅਹੁਦਾ ਸੰਭਾਲਣ ਤੋਂ ਤੁਰੰਤ ਬਾਅਦ ਮਾਲੇਗਾਓਂ ਬੰਬ ਧਮਾਕੇ ਦੀ ਘਟਨਾ (2008) ਦੀ ਜਾਂਚ ਨੂੰ ਜਿਸ ਤਰ੍ਹਾਂ ਅੱਗੇ ਵਧਾਇਆ, ਉਸ ਨੇ ਰਾਸ਼ਟਰੀ ਪੱਧਰ 'ਤੇ ਫੈਲੇ ਹਿੰਦੂਤਵੀ ਦਹਿਸ਼ਤ ਦੇ ਵੱਡੇ ਨੈੱਟਵਰਕ ਦਾ ਪਰਦਾਫਾਸ਼ ਕਰ ਦਿੱਤਾ ਸੀ ਜਿਸ ਨਾਲ ਹਿੰਦੂਤਵੀ ਭਾਈਚਾਰੇ ਵਿਚ ਭਾਰੀ ਹਲਚਲ ਪੈਦਾ ਹੋ ਗਈ।

ਹੇਮੰਤ ਕਰਕਰੇ ਨੇ ਹਿੰਦੂ ਅਤਿਵਾਦ ਦੇ ਸਬੂਤ ਕੱਢ ਲਿਆਦੇ ਸਨ ਤੇ ਹਿੰਦੂ ਅਤਿਵਾਦੀਆਂ ਵਿੱਚ ਬੇਚੈਨੀ ਵਧ ਗਈ। ਪਰ ਫਿਰ ਉਹ 2008 ਦੇ ਅੱਤਵਾਦੀ ਹਮਲਿਆਂ ਵਿੱਚ ਉਹ ਮਾਰਿਆ ਗਿਆ । ਉਸ ਨੂੰ ਕਿਵੇਂ ਮਾਰਿਆ ਗਿਆ, ਇਸ ਦਾ ਪੂਰਾ ਖੁਲਾਸਾ ਨਹੀਂ ਹੋ ਸਕਿਆ।ਜਦੋਂ ਕਿ ਉਸਦੀ ਪਤਨੀ ਅੱਜ ਵੀ ਕਹਿੰਦੀ ਹੈ ਕਿ ਹੇਮੰਤ ਨੂੰ ਹਿੰਦੂਤਵੀ ਅਤਿਵਾਦੀਆਂ ਨੇ ਮਾਰਿਆਂ ਹੈ।"ਹੂ ਕਿਲਡ ਕਰਕਰੇ" ਕਿਤਾਬ ਵਿੱਚ ਇਸਦਾ ਖੁਲਾਸਾ ਹੈ!

ਇਹ ਵੀ ਮਹੱਤਵਪੂਰਨ ਹੈ ਕਿ ਕਰਕੂਲਰ ਬਾਰੇ ਸਾਬਤ ਹੋ ਚੁਕਾ ਹੈ ਕਿ ਪਾਕਿਸਤਾਨੀ ਏਜੰਟ ਹੈ ਉਸ ਉਤੇ ਸਿਰਫ ਆਫੀਸ਼ੀਅਲ ਸੀਕਰੇਟਸ ਐਕਟ, 1923 ਦੇ ਤਹਿਤ ਹੀ ਲਗਾਏ ਗਏ ਹਨ। ਨਾ ਤਾਂ ਦੇਸ਼ਧ੍ਰੋਹ ਦਾ ਦੋਸ਼ ਲਗਾਇਆ ਗਿਆ ਹੈ ਅਤੇ ਨਾ ਹੀ ਰਾਸ਼ਟਰੀ ਸੁਰੱਖਿਆ ਨਾਲ ਖੇਡਣ ਦਾ ਦੋਸ਼ ਲਗਾਇਆ ਗਿਆ ਹੈ।ਇਸ ਤੱਥ ਦੇ ਬਾਵਜੂਦ ਕਿ ਉਸਦੀ ਗ੍ਰਿਫਤਾਰੀ ਤੋਂ ਬਾਅਦ ਜਾਰੀ ਕੀਤੇ ਗਏ ਅਧਿਕਾਰਤ ਬਿਆਨ ਵਿੱਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਸੀ ਕਿ ਕਿਸ ਤਰ੍ਹਾਂ ਕੁਰੂਲਕਰ ਨੇ 'ਸੰਵੇਦਨਸ਼ੀਲ ਸਰਕਾਰੀ ਭੇਦ ਕਿਸੇ ਦੁਸ਼ਮਣ ਦੇਸ਼ ਨੂੰ ਦੇਣ ਲਈ ਆਪਣੇ ਅਹੁਦੇ ਦੀ ਦੁਰਵਰਤੋਂ ਕੀਤੀ, ਜੋ ਭਾਰਤ ਲਈ ਖ਼ਤਰਾ ਬਣ ਸਕਦਾ ਹੈ'।'

ਇਸ ਖ਼ੁਲਾਸੇ ਬਾਰੇ ਸ਼ਾਇਦ ਸਭ ਤੋਂ ਅਜੀਬ ਚੁੱਪ ਹਿੰਦੂਤਵ ਦੇ ਸਮਰਥਕਾਂ ਦੀ ਜਾਪਦੀ ਹੈ, ਜੋ ਕੁਝ ਨਹੀਂ ਬੋਲ ਰਹੇ। ਇਸ ਕਬੀਲੇ ਦੀਆਂ ਸਾਰੀਆਂ ਸੰਸਥਾਵਾਂ ਅਤੇ ਇਨ੍ਹਾਂ ਦੀਆਂ ਕਈ ਸਹਾਇਕ ਸੰਸਥਾਵਾਂ ਸਭ ਚੁੱਪ ਹਨ।ਸੱਜੇ-ਪੱਖੀ ਹਿੰਦੂਤਵੀ ਕਬੀਲੇ ਦੀਆਂ ਸਾਰੀਆਂ ਜਥੇਬੰਦੀਆਂ, ਜੋ ਹਰ ਨਿੱਕੇ-ਨਿੱਕੇ ਮਸਲੇ ਵਿੱਚ ਪਾਕਿਸਤਾਨ ਦਾ ਹੱਥ ਵੇਖਦੀਆਂ ਹਨ ਜਾਂ ਆਪਣੇ ਵਿਰੋਧੀਆਂ ਅਤੇ ਆਲੋਚਕਾਂ ਨੂੰ ਗੱਦਾਰ ਦਾ ਦਰਜਾ ਦੇਣ ਵਿੱਚ ਅੱਗੇ ਰਹਿੰਦੀਆਂ ਹਨ, ਦੀ ਇਹ ਚੁੱਪ ਹੈਰਾਨੀਜਨਕ ਹੈ।ਇਸ ਮਾਮਲੇ ਵਿੱਚ ਨਾ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੁਝ ਕਹਿ ਰਹੇ ਹਨ ਅਤੇ ਨਾ ਹੀ ਅਮਿਤ ਸ਼ਾਹ ਨੇ ਮੂੰਹ ਖੋਲ੍ਹਿਆ ਹੈ।ਸ਼ਿਵ ਸੈਨਾ ਦੇ ਮੁਖ ਪੱਤਰ 'ਸਾਮਨਾ' 'ਚ 'ਦੇਸ਼ ਭਗਤ ਕੁਰੂਲਕਰ' ਸਿਰਲੇਖ ਵਾਲੇ ਸੰਪਾਦਕੀ 'ਚ ਲਿਖਿਆ ☞


**Sidhu Homeopathic Clinic**

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

**Ph: 604-446-3154** NO SIDE EFFECTS

#109-12830-80Ave, Surrey, BC V3W 3A8 (York Centre)



## ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

- CANADIAN VISA & SUPER VISA*
- SPOUSAL SPONSORSHIP*
- STUDY- WORK PERMIT & LMIA*
- CIC REFUSAL APPEAL CASES*
- PR & CITIZENSHIP APPLICATION*
- INDIAN VISA-NAME CHANGE APPLICATION
- PCC-OCI-RTI APPLICATIONS
- IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



**Call : 778-869-1097**

*By Appointment Only*

#202-12677-80AVE SURREY



# THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



**Bhupinder Singh Thandi**
Certified Auto Mechanic
**604.503.0713**
**Fax:604.503.0712**
Harp_t@hotmail.com

#106-12465 82 Ave , Surrey BC

ਗਿਆ ਹੈ ਕਿ ਕਿਸ ਤਰ੍ਹਾਂ ਕੁਰੂਲਕਰ ਪਿਛਲੇ ਕੁਝ ਸਾਲਾਂ ਤੋਂ ਰਾਸ਼ਟਰੀ ਪੱਧਰ ‘ਤੇ ਰੱਖਿਆ ਮਾਮਲਿਆਂ ‘ਚ ਨੀਤੀ ਬਣਾਉਣ ਲਈ ਬਣਾਈ ਗਈ ਦਸ ਵਿਗਿਆਨੀਆਂ ਦੀ ਕਮੇਟੀ ਦੇ ਮੈਂਬਰ ਰਹੇ ਹਨ। ਹਿੰਦੂਤਵੀ ਜਥੇਬੰਦੀਆਂ ਦੀ ਇਹ ਕੋਸ਼ਿਸ਼ ਰਹੀ ਹੈ ਕਿ ਆਪਣੇ ਵਿਚਾਰ ਰੱਖਣ ਵਾਲੇ ਲੋਕਾਂ ਨੂੰ ਅਹਿਮ ਥਾਵਾਂ ‘ਤੇ ਬਿਠਾਇਆ ਜਾਵੇ ਅਤੇ ਜਦੋਂ ਅਜਿਹਾ ਕੋਈ ਵਿਅਕਤੀ ਫੜਿਆ ਗਿਆ ਤਾਂ ਪਾਕਿਸਤਾਨ ਲਈ ਜਾਸੂਸੀ ਦੇ ਇਸ ਵਿਸਫੋਟਕ ਘਟਨਾਕ੍ਰਮ ਬਾਰੇ ਨਾ ਤਾਂ ਰਾਸ਼ਟਰੀ ਸਵੈਮ ਸੇਵਕ ਸੰਘ ਅਤੇ ਨਾ ਹੀ ਭਾਜਪਾ ਕੁਝ ਕਹਿ ਰਹੀ ਹੈ।ਇਹ ਪਹਿਲੀ ਵਾਰ ਨਹੀਂ ਹੈ ਜਦੋਂ ਹਿੰਦੂਤਵ ਵਿਚਾਰਧਾਰਾ ਦੇ ਲੋਕ ਪਾਕਿਸਤਾਨ ਲਈ ਜਾਸੂਸੀ ਦੇ ਦੋਸ਼ਾਂ ਵਿੱਚ ਫੜੇ ਗਏ ਹਨ ਅਤੇ ਅਜਿਹੀਆਂ ਦੇਸ਼ ਧ੍ਰੋਹੀ ਕਾਰਵਾਈਆਂ ਨੂੰ ਅੰਜਾਮ ਦਿੰਦੇ ਰਹੇ ਹਨ।ਧਰੁਵ ਸਕਸੈਨਾ ਕੇਸ ਮੱਧ ਪ੍ਰਦੇਸ਼ ਦੇ ਭਾਜਪਾ ਸ਼ਾਸਿਤ ਰਾਜ ਤੋਂ ਹੁਣੇ ਹੀ ਤਾਜ਼ਾ ਹੈ, ਜਦੋਂ ਰਾਜ ਦੀ ਏਟੀਐਸ ਨੇ ਧਰੁਵ ਸਕਸੈਨਾ ਦੀ ਅਗਵਾਈ ਵਿੱਚ 11 ਲੋਕਾਂ ਦੇ ਇੱਕ ਜਾਸੂਸੀ ਨੈਟਵਰਕ ਦਾ ਪਤਾ ਲਗਾਇਆ, ਜੋ ਸਾਰੇ ਪਾਕਿਸਤਾਨ ਲਈ ਜਾਸੂਸੀ ਕਰਦੇ ਸਨ। ਦੱਸਿਆ ਗਿਆ ਕਿ ਇਸ ਨੈੱਟਵਰਕ ਦਾ ਮੁਖੀ ਧਰੁਵ ਸਕਸੈਨਾ ਭਾਜਪਾ ਦੇ ਆਈਟੀ ਸੈੱਲ ਦਾ ਜ਼ਿਲ੍ਹਾ ਕੋਆਰਡੀਨੇਟਰ ਸੀ। ਧਰੁਵ ਸਕਸੈਨਾ, ਆਪਣੇ ਹੋਰ ਸਾਜ਼ਿਸ਼ਕਾਰਾਂ - ਜਿਨ੍ਹਾਂ ਦੇ ਨਾਂ ਬਲਰਾਮ, ਮੋਹਿਤ ਆਦਿ ਸਨ - ਨਾਲ ਮਿਲ ਕੇ ਭਾਰਤੀ ਫੌਜ ਦੀ ਤਾਇਨਾਤੀ ਬਾਰੇ ਮਹੱਤਵਪੂਰਨ ਜਾਣਕਾਰੀ ਪਾਕਿਸਤਾਨ ਦੀ ਆਈ.ਐੱਸ.ਆਈ. ਨੂੰ ਦਿੰਦੇ ਸਨ।ਪਿਛਲੇ ਸਾਲ ਇਕ ਘਟਨਾ ਸਾਹਮਣੇ ਆਈ ਸੀ ਕਿ ਭਾਜਪਾ ਦੇ ਘੱਟ ਗਿਣਤੀ ਸੈੱਲ ਦਾ ਮੁਖੀ ਲਸ਼ਕਰ-ਏ-ਤੋਇਬਾ ਦਾ ਕਾਰਕੁਨ ਨਿਕਲਿਆ ਸੀ। ਰਿਪੋਰਟਾਂ ਮੁਤਾਬਕ ਤਾਲਿਬ ਹੁਸੈਨ ਸ਼ਾਹ ਨਾ ਸਿਰਫ ਭਾਜਪਾ ਦਾ ਸਰਗਰਮ ਮੈਂਬਰ ਸੀ ਸਗੋਂ ਜੰਮੂ ‘ਚ ਪਾਰਟੀ ਦੇ ਸੋਸ਼ਲ ਮੀਡੀਆ ਸੈੱਲ ਦਾ ਇੰਚਾਰਜ ਵੀ ਸੀ। ਇਸ ਨੂੰ ਜੰਮੂ ਦੇ ਰਿਆਸੀ ਇਲਾਕੇ ਦੇ ਪਿੰਡ ਵਾਸੀਆਂ ਨੇ ਦੋ ਏਕੇ 47 ਰਾਈਫਲਾਂ ਅਤੇ ਗੋਲਾ ਬਾਰੂਦ ਸਮੇਤ ਫੜਿਆ ਹੈ।ਤੁਸੀਂ ਕੁਝ ਮਹੀਨੇ ਪਹਿਲਾਂ ਯਸ਼ਵੰਤ ਸ਼ਿੰਦੇ ਵੱਲੋਂ ਅਦਾਲਤ ਵਿੱਚ ਦਾਇਰ ਹਲਫ਼ਨਾਮਾ ਵੀ ਦੇਖ ਸਕਦੇ ਹੋ, ਜੋ ਖ਼ੁਦ ਵੀ ਲੰਮੇ ਸਮੇਂ ਤੋਂ ਹਿੰਦੂਤਵੀ ਜਥੇਬੰਦੀਆਂ ਦੇ ਸੰਪਰਕ ਵਿੱਚ ਹੈ- ਜਿਸ ਵਿੱਚ ਇਸ ਵਿਅਕਤੀ ਨੇ ਅਦਾਲਤ ਵਿੱਚ ਪਟੀਸ਼ਨ ਪਾਈ ਸੀ ਕਿ ਉਹ ਵੀ ਇਸ ਵਿੱਚ ਸ਼ਾਮਲ ਸੀ। ਨਾਂਦੇੜ ਬੰਬ ਧਮਾਕੇ ਦੀ ਸ਼ਮੂਲੀਅਤ ਦੇ ਮਾਮਲੇ ਵਿੱਚ ਉਸ ਨੂੰ ਧਿਰ ਬਣਾਇਆ ਜਾਣਾ ਚਾਹੀਦਾ ਹੈ।ਹੁਣ ਭਾਵੇਂ ਇਹ ਵੱਖ-ਵੱਖ ਹਿੰਦੂਤਵੀ ਜਥੇਬੰਦੀਆਂ- ਭਾਵੇਂ ਉਹ ਰਾਸ਼ਟਰੀ ਸਵੈਮ ਸੇਵਕ ਸੰਘ, ਭਾਜਪਾ, ਵਿਸ਼ਵ ਹਿੰਦੂ ਪ੍ਰੀਸ਼ਦ ਆਦਿ ਹੋਣ- ਕੁਰੂਲਕਰ ਦੇ ਧੋਖੇ ਬਾਰੇ ਆਪਣਾ ਮੂੰਹ ਬੰਦ ਰੱਖਦੀਆਂ ਹਨ, ਪਰ ਜਲਦੀ ਜਾਂ ਬਾਅਦ ਵਿੱਚ ਉਨ੍ਹਾਂ ਨੂੰ ਇਹ ਸਪੱਸ਼ਟ ਕਰਨਾ ਪਵੇਗਾ ਕੀ ‘ਰਾਸ਼ਟਰਵਾਦੀ ਵਿਚਾਰਧਾਰਾ’ ਅਜਿਹੇ ਲੋਕ ਪੈਦਾ ਕਰਦੀ ਹੈ ਜੋ ਆਪਣੇ ਦੇਸ਼ ਦੀ ਗੁਪਤ ਸੂਚਨਾ ‘ਦੁਸ਼ਮਣ ਰਾਸ਼ਟਰ’ ਨੂੰ ਦੇਣ ਤੋਂ ਝਿਜਕਦੇ ਨਹੀਂ?- (ਸੁਭਾਸ਼ ਗਤਾੜੇ ਇੱਕ ਖੱਬੇ-ਪੱਖੀ ਕਾਰਕੁਨ, ਲੇਖਕ ਅਤੇ ਅਨੁਵਾਦਕ ਹਨ।)

# ਬਾਦਲ ਕੇ ਇੰਨੇ ਚ ਹੀ ਖੁਸ਼ ਕਿ ਭਾਜਪਾ ਨੂੰ ਢਾਅ ਲਿਆ

## *ਆਪ ਨੇ ਜਲੰਧਰ ਵਿੱਚ ਕਾਂਗਰਸੀ ਕਿਲ੍ਹਾ ਕੀਤਾ ਫਤਿਹ*

ਜਲੰਧਰ ਜਿਮਨੀ ਲੋਕ ਸਭਾ ਦਾ ਚੋਣ ਨਤੀਜਾ ਆ ਗਿਆ।ਆਮ ਆਦਮੀ ਪਾਰਟੀ ਨੇ ਹਾਲੇਂ ਹੋਰ ਚਾਰ ਕੁ ਸਾਲ ਪੰਜਾਬ ਤੇ ਰਾਜ ਕਰਨਾ ਹੈ, ਉਹ ਸ਼ਾਮ, ਦਾਮ, ਦੰਡ, ਭੇਦ ਵਰਤਕੇ ਉਹ ਵੱਡੇ ਫ਼ਰਕ ਨਾਲ ਜਲੰਧਰ (ਜ਼ਿਮਨੀ ਚੋਣ) ਦੀ ਸੀਟ ਜਿੱਤ ਗਈ।ਸੋਚਦੇ ਹਾਂ ਕਿ ਪੰਜਾਬ ਦੇ ਲੋਕ ਕਿਸ ਮਿੱਟੀ ਦੇ ਬਣੇ ਹੋਏ ਹਨ ? ਸਿੱਖਾਂ ਨੇ ਸਰਕਾਰ ਨੂੰ ਖੁੱਲੀ ਖੇਡ ਖੇਡਣ ਦੀ ਖੁੱਲ ਦੇ ਦਿੱਤੀ ਹੈ ਕਿ ਸਿੱਖਾਂ ਨਾਲ ਜਿਵੇਂ ਮਰਜ਼ੀ ਵਿਤਕਰਾ, ਬੇਇਨਸਾਫ਼ੀ, ਧੱਕੇਸ਼ਾਹੀ ਤੇ ਜ਼ੁਲਮ ਜਬਰ ਕਰਨ, ਸਿੱਖਾਂ ਦੀ ਸਿਹਤ ਤੇ ਕੋਈ ਅਸਰ ਨਹੀਂ। ਉਨ੍ਹਾਂ ਨੂੰ ਤਾਂ ਆਪਣੇ ਕੰਮ ਧੰਦਿਆਂ ਨਾਲ ਮਤਲਬ ਹੈ, ਪੰਥ ਜਾਵੇ, ਢੱਠੇ ਖੂਹ ‘ਚ। ਸਾਨੂੰ ਨਹੀਂ ਪਤਾ ਗੁਰੂ ਨੂੰ ਸਮਰਪਿਤ ਹੋਣ ਦਾ ਕੀ ਅਰਥ ਹੁੰਦਾ ਹੈ। ਸਰਕਾਰ ਨੇ ਬੱਲਾਂ ਡੇਰੇ ਨੂੰ ਕਰੋੜਾਂ ਦਾ ਚੈਕ ਦੇ ਦਿੱਤਾ। ਲਾਲਾ ਕੇਜਰੀਵਾਲ ਦਲਿਤਾਂ ਦੀ ਦੁਸ਼ਮਣ ਜਮਾਤ ਆਰ. ਐਸ. ਐਸ ਦੀ ਬੀ ਟੀਮ ਹੈ, ਸਭ ਭੁੱਲ ਗਿਆ। ਬਸਪਾ ਦਾ 2 ਲੱਖ ਵਾਲਾ ਵੋਟ ਬੈਂਕ ਕਿਥੇ ਗਿਆ ? ਕਿਸੇ ਨੇ ਨਹੀਂ ਸੋਚਿਆ ਕਿ ਜਲੰਧਰ ਸੀਟ ਦੇ ਹਿੰਦੂ ਵੋਟਰਾਂ ਨੂੰ ਡਰਾਉਣ ਲਈ ਅੰਮ੍ਰਿਤਪਾਲ ਸਿੰਘ ਨੂੰ ਪਹਿਲਾ ਇੱਕ ਮਹੀਨਾ, ਜਲੰਧਰ ਇਲਾਕੇ ‘ਚ ਹੀ ਕਦੇ ਕਿਧਰ, ਕਦੇ ਉਧਰ ਭਜਾਇਆ ਗਿਆ ਤੇ ਫ਼ਿਰ ਚੋਣਾਂ ਨੇੜੇ ਗ੍ਰਿਫ਼ਤਾਰੀ ਦਾ ਦਾਅਵਾ ਕੀਤਾ ਗਿਆ ? ਇਸ ਕਾਰਣ ਉੱਚ ਤਬਕਾ ਹਿੰਦੂਆਂ ਨੇ ਭਾਜਪਾ ਨੂੰ ਅਤੇ ਹੇਠਲੇ ਤੇ ਦਰਿਮਾਅਨੇ ਪੱਧਰ ਤੇ ਹਿੰਦੂਆ ਨੇ ਆਪ ਨੂੰ ਵੋਟ ਪਾਈ। ਤੀਜਾ ਪੰਜਾਬ ਦੇ ਲੋਕ ਰਵਾਇਤੀ ਪਾਰਟੀਆਂ ਤੋਂ ਅੱਕੇ ਹੋਏ ਹਨ। ਉਹ ਸ਼ੁਹਿਰਦ ਬਦਲ ਲੱਭਦੇ ਹਨ, ਬਦਲ ਦੇ ਨਾਮ ਤੇ ਫ਼ਿਰ ਉਹੀ ਘਿਸੀਆਂ ਪਿਟੀਆਂ ਪਾਰਟੀਆਂ ਮੂਹਰੇ ਹਨ। ਉਹ ਅੰਨ੍ਹਿਆਂ ‘ਚ ਕਾਣੇ ਨੂੰ ਹੀ ਚੁਣ ਲੈਂਦੇ ਹਨ। ਜਦੋਂ ਉਨ੍ਹਾਂ ਕੋਈ ਬਦਲਾਅ ਨਹੀਂ ਦਿੱਸਦਾ ਤਾਂ ਉਹ ਬਦਲਾਅ ਦੇ ਨਾਂਅ ਤੇ ਆਪਣੇ ਪਹਿਲੇ ਕੀਤੇ ਤਜਰਬੇ ਨੂੰ ਹੋਰ ਅਜ਼ਮਾਉਣ ਲਈ, ਉਸਨੂੰ ਚੁਣ ਲੈਂਦੇ ਹਨ। ਇਸ ਲਈ ਉਹ ਇੱਕ ਦੁਖਿਆਰੇ ਬਾਪ ਦੀ ਜਿਸਦੇ ਇਕਲੌਤੇ ਜੁਆਨ ਪੁੱਤ ਦੀ ਮੌਤ ਦਾ ਇਨਸਾਫ਼ ਮੰਗਣ ਨੂੰ ਵੀ ਨਜ਼ਰ ਅੰਦਾਜ਼ ਕਰ ਦਿੰਦੇ ਹਨ।ਵੈਸੇ ਵੇਖਿਆ ਜਾਵੇ ਤਾਂ ਭਾਵੇਂ ਆਮ ਆਦਮੀ ਪਾਰਟੀ ਦੇ ਰਸਮੀ ਤੌਰ ਤੇ ਸੀਟ ਜਿੱਤ ਲਈ ਹੈ। ਪਰ 46 ਫ਼ੀਸਦੀ ਲੋਕਾਂ ਨੇ ਵੋਟ ਹੀ ਨਹੀਂ ਪਾਈ। ਫ਼ਿਰ ਜਿਹੜੀਆਂ ਆਪ ਨੂੰ 3 ਲੱਖ 2 ਹਜ਼ਾਰ ਵੋਟਾਂ ਮਿਲੀਆਂ ਉਸ ਦੇ ਮੁਕਾਬਲੇ ਵਿਰੋਧੀ ਧਿਰਾਂ ਨੂੰ 6 ਲੱਖ ਵੋਟਾਂ ਮਿਲੀਆਂ ਹਨ। ਸਿਰਫ਼ 34 ਫ਼ੀਸਦੀ ਵੋਟਾਂ ਲੈ ਕੇ ਆਪ ਉਮੀਦਵਾਰ ਜੇਤੂ ਰਿਹਾ ਹੈ। ਪੰਜਾਬ ਦੇ ਲੋਕਾਂ ਨੇ ਮਹਿਸੂਸ ਜ਼ਰੂਰ ਕੀਤਾ ਹੋਵੇਗਾ ਕਿ ਇਹ ਪਾਰਟੀ ਇਸੇ ਤਰ੍ਹਾਂ ਹੀ ਦਿੱਲੀ ਤੋਂ ਆਰ. ਐਸ. ਐਸ ਦੀ ਬੀ. ਟੀਮ ਵੱਲੋਂ ਚਲਾਈ ਜਾਂਦੀ ਰਹੇਗੀ।ਰੁਝਾਨ ਨੂੰ ਹੱਕ ‘ਚ ਵੇਖਕੇ ਭਗਵੰਤ ਮਾਨ, ਨੰਗੇ ਪੈਰੀ ਦਿੱਲੀ ਵੱਲ ਭੱਜ ਪਏ। ਹੁਣ ਤਾਂ ਘੱਟੋ ਘੱਟ ਉਹ ਆਪਣਾ ਮੁੱਲ ਸਮਝਦੇ, ਜਿੰਨ੍ਹਾਂ ਨੇ ਪਾਰਟੀ ਦਾ ਖਾਤਾ ਲੋਕ ਸਭਾ ‘ਚ ਖੁਲਵਾ ਦਿੱਤਾ। ਇਸ ਜ਼ਿਮਨੀ ਚੋਣ ਨੇ ਅਤਿ ਉਤਸ਼ਾਹੀ ਭਾਜਪਾ ਨੂੰ ਬਰਫ਼ ‘ਚ ਲਾ ਦਿੱਤਾ। ਭਾਵੇਂ ਉਸਦੀ ਵੋਟ ਫ਼ੀਸਦੀ ‘ਚ ਵਾਧਾ ਹੋਇਆ ਹੈ, ਪ੍ਰੰਤੂ ਉਹ ਸੰਗਰੂਰ ਤੋਂ ਉਲਟ ਅਕਾਲੀ ਭਾਜਪਾ ਉਮੀਦਵਾਰ ਤੋਂ ਭਾਵੇਂ 24 ਹਜ਼ਾਰ ਵੋਟਾਂ ਦੇ ਫ਼ਰਕ ਨਾਲ ਥੱਲੇ ਰਹਿ ਗਈ ਹੈ, ਪ੍ਰੰਤੂ ਉਸਨੂੰ ਸਮਝ ਆ ਗਈ ਹੋਣੀ ਹੈ ਕਿ ਭਾਵੇਂ ਕਿੰਨ੍ਹੇ ਵੱਡੇ ਸਿੱਖ ਚਿਹਰਿਆਂ ਨੂੰ ਜਿਹੜੇ ਚੱਲੇ ਕਾਰਤੂਸ ਹੋ ਗਏ ਹਨ, ਉਨ੍ਹਾਂ ਦੇ ਸਿਰ ਤੇ ਪੰਜਾਬ ਦੀ ਸੱਤਾ ਦਾ ਸੁਪਨਾ ਲੈਣਾ ਛੱਡ ਦੇਣਾ ਚਾਹੀਦਾ ਹੈ, ਹੁਣ ਜਾਂ ਤਾਂ ਉਹ ਮਰਦੀ ਨੇ ਅੱਕ ਚੱਬਿਆ ਦੇ ਗੀਤ ਅਨੁਸਾਰ ਅਕਾਲੀ- ਭਾਜਪਾ ਗਠਜੋੜ ਨੂੰ ਸੁਰਜੀਤ ਕਰੇਗੀ ਜਾਂ ਫ਼ਿਰ ਪੰਜਾਬ ਨੂੰ ਲੈ ਕੇ ਖ਼ਤਰਨਾਕ ਸਾਜਿਸ਼ ਘੜ੍ਹੇਗੀ। ਭਾਵੇਂ ਕਾਂਗਰਸ ਦੀ ਹੋਂਦ ਤੇ ਲੱਗਣ ਵਾਲੇ ਪ੍ਰਸ਼ਨ-ਚਿੰਨ੍ਹ ਨੂੰ ਕਰਨਾਟਕ ਨੇ ਰੋਕ ਲਿਆ ਹੈ। ਪ੍ਰੰਤੂ ਹਾਈਕਮਾਂਡ ਦਾ ਪੰਜਾਬ ਨੂੰ ਲਵਾਰਿਸ ਛੱਡਣਾ, ਕਾਂਗਰਸੀਆਂ ਲਈ ਨਵੇਂ ਸੁਆਲ ਖੜ੍ਹੇ ਕਰੇਗਾ। ਪੰਜਾਬ ਦੇ ਕਾਂਗਰਸੀ ਲੀਡਰਸ਼ਿਪ ਨੇ ਨਿੱਡਰ ਅਤੇ ਬੇਖੌਫ਼ ਹੋ ਕੇ ਚੋਣ ਮੁਹਿੰਮ ਨਹੀਂ ਚਲਾਈ, ਸ਼ਾਇਦ ਸਰਕਾਰ ਦੇ ਡਰ ਕਾਰਣ। ਇਸ ਚੋਣ ‘ਚ ਅਕਾਲੀ- ਭਾਜਪਾ ਉਮੀਦਵਾਰ ਨੇ ਡੇਢ ਲੱਖ ਦੇ ਕਰੀਬ ਵੋਟ ਲੈ ਲਈ ਤੇ ਇਸਨੂੰ ਵੇਖਦਿਆ ਸੁਖਬੀਰ ਚੌੜਾ ਹੁੰਦਾ ਹੋਵੇਗਾ, ਪਰ ਅਕਾਲੀ ਦਲ ਦਾ ਇਸ ‘ਚ ਬਹੁਤ ਲੈਣਾ- ਦੇਣਾ ਨਹੀਂ। ਬਸਪਾ ਕਹਿੰਦੀ ਸੀ ਕਿ ਉਸਦੀ 2 ਲੱਖ ਵੋਟ ਇਸ ਹਲਕੇ ‘ਚ ਪੈਂਦੀ ਹੈ। ਪਰ ਉਹ ਸਾਰੀ ਵੋਟ ਤੱਕੜੀ ਨੂੰ ਨਹੀਂ ਭੁਗਤੀ ਅਤੇ ਨਾ ਹੀ ਇਸ ਹਲਕੇ ਦੀ ਸਿੱਖ ਵੋਟ ਅਕਾਲੀਆਂ ਨੂੰ ਭੁਗਤੀ ਹੈ। ਮਾਨ ਦਲ ਦੇ ਉਮੀਦਵਾਰ ਦਾ 20 ਹਜ਼ਾਰ ਵੋਟਾਂ ਜਾਣਾ ਸਾਫ਼ ਕਰਦਾ ਹਾਂ ਕਿ ਟਕਸਾਲੀ ਅਕਾਲੀ ਹਾਲੋਂ ਵੀ ਬਾਦਲ ਦਲ ਦੇ ਵਿਰੋਧ ‘ਚ ਹਨ।ਪਰ ਬਾਦਲਕੇ ਖੁਸ਼ ਹਨ ਕਿ ਭਾਜਪਾ ਨੂੰ ਤਾਂ ਅਸੀਂ ਢਾਅ ਹੀ ਲਿਆ।ਭਾਂਵੇ ਸਾਰੇ ਚੋਣ ਮਾਹਿਰ ਇਸਦੀ ਆਪੋ- ਆਪਣੇ ਤਰੀਕੇ ਨਾਲ ਚੀਰ- ਫਾੜ ਕਰਨਗੇ, ਪ੍ਰੰਤੂ ਸਾਡੇ ਅਨੁਸਾਰ ਜਲੰਧਰੀਆਂ ਲਈ ਹਾਲੇ ਆਪ ਪੰਜਾਬ ਦਾ ਬਦਲ ਨਹੀਂ, ਮਜ਼ਬੂਰੀ ਹੈ, ਤੇ ਮੋਹਰ ਲਾਈ ਹੈ।ਨਾਲ ਹੀ ਇਹ ਸਿੱਧ ਕਰ ਦਿੱਤਾ ਹੈ ਕਿ ਪੰਜਾਬ ਦੇ ਵੋਟਰ ਉਦੋਂ ਤੱਕ ਇਕ ਪਾਸੇ ਨਹੀ ਝੁਕਦੇ, ਜਦੋਂ ਤੱਕ ਭਾਵਨਾਤਕ ਮੁੱਦਾ ਨਾ ਹੋਵੇ। ਜੇ ਅਜਿਹਾ ਕੋਈ ਮੁੱਦਾ ਨਹੀਂ ਤਾਂ ਚਲਦੇ ਨੂੰ ਹੀ ਰਹਿਣ ਦਿੰਦੇ ਹਨ। ਅੱਜ ਦੇ ਚੋਣ ਨਤੀਜੇ ਨੇ ਸਾਫ਼ ਕਰ ਦਿੱਤਾ ਹੈ ਕਿ ਪੰਜਾਬ ਲੋਕ ਕੋਲ ਆਪ ਦਾ ਕੋਈ ਬਦਲ ਨਹੀਂ ਪ੍ਰੰਤੂ ਉਹ ਆਪ ਨੂੰ ਬਦਲਣਾ ਚਾਹੁੰਦੇ ਹਨ, ਕਿਉਂਕਿ ਹੁਣ ਆਪ ਵੀ ਰਵਾਇਤੀ ਪਾਰਟੀ ਬਣ ਗਈ ਹੈ ਉਸਨੇ ਸਾਰਾ ਵਰਤਾਰਾ ਰਵਾਇਤੀ ਪਾਰਟੀਆਂ ਵਾਲਾ ਹੀ ਕੀਤਾ ਹੈ।

# ਕੈਨੇਡਾ ‘ਚ ਪੰਜਾਬੀ ਨੌਜਵਾਨ ਦੇ ਕਾਤਲ ਨੂੰ 9 ਸਾਲ ਦੀ ਜੇਲ੍ਹ:ਭਾਰਤੀ ਪੁਲਿਸ ਅਫ਼ਸਰ ਦੇ ਬੇਟੇ ਦੀ ਲਾਸ਼ ਮਿਲੀ

ਟੋਰਾਂਟੋ -ਮੀਡੀਆ ਰਿਪੋਰਟਾਂ ਅਨੁਸਾਰ ਇਕ ਕੈਨੇਡੀਅਨ ਵਿਅਕਤੀ ਨੂੰ ਦੇਸ਼ ਦੇ ਨੋਵਾ ਸਕੋਸ਼ੀਆ ਸੂਬੇ ‘ਚ ਸਾਲ 2021 ‘ਚ ਪੰਜਾਬੀ ਮੂਲ ਦੇ ਇਕ 23 ਸਾਲਾ ਸਿੱਖ ਨੌਜਵਾਨ ਦੀ ਹੱਤਿਆ ਕਰਨ ਦੇ ਮਾਮਲੇ ‘ਚ 9 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ।ਸਤੰਬਰ 2021 ‘ਚ ਸੂਬੇ ਦੇ ਟਰੂਰੋ ਕਸਬੇ ਦੀ ਇਕ ਇਮਾਰਤ ਦੇ ਬਾਹਰ 21 ਸਾਲਾ ਕੈਮਰੂਨ ਜੇਮਸ ਨੇ ਬਿਨਾ ਕਿਸੇ ਉਕਸਾਵੇ ਦੇ ਪ੍ਰਭਜੋਤ ਸਿੰਘ ਕਤਰੀ ‘ਤੇ ਚਾਕੂ ਨਾਲ ਹਮਲਾ ਕਰ ਕੇ ਉਸ ਦੀ ਹੱਤਿਆ ਕਰ ਦਿੱਤੀ ਸੀ।ਨੋਵਾ ਸਕੋਸ਼ੀਆ ਜੱਜ ਨੇ ਸ਼ੁੱਕਰਵਾਰ ਨੂੰ ਕੈਮਰੋਨ ਜੇਮਸ ਨੂੰ ਹੱਤਿਆ ਦੇ ਦੋਸ਼ ‘ਚ 9 ਸਾਲ ਜੇਲ੍ਹ ਦੀ ਸਜ਼ਾ ਸੁਣਾਈ।ਇਸ ਤੋਂ ਇਲਾਵਾ ਟੋਰਾਂਟੋ ‘ਚ ਬੀਤੇ ਦਿਨ 23 ਸਾਲਾਂ ਦੇ ਅਯੂਸ਼ ਧਨਖਾਰਾ ਨਾਮਕ ਨੌਜਵਾਨ ਦੀ ਲਾਸ਼ ਇਕ ਪੁਲ ਦੇ ਹੇਠੋਂ ਮਿਲੀ ਅਤੇ ਉਸ ਦੀ ਮੌਤ ਦੇ ਕਾਰਨਾਂ ਦੀ ਪੁਲਿਸ ਵਲੋਂ ਜਾਂਚ ਕੀਤੀ ਜਾ ਰਹੀ ਹੈ। ਨੌਜਵਾਨ ਗੁਜਰਾਤ ਪੁਲਿਸ ਦੇ ਡੀ.ਐਸ.ਪੀ. ਰਮੇਸ਼ ਧਨਖਾਰਾ ਦਾ ਬੇਟਾ ਸੀ। ਉਹ ਟੋਰਾਂਟੋ ‘ਚ ਯੌਰਕ ਯੂਨੀਵਰਸਿਟੀ ਦਾ ਵਿਦਿਆਰਥੀ ਸੀ ਅਤੇ ਇਸ ਯੂਨੀਵਰਸਿਟੀ ‘ਚ ਪੜ੍ਹਦੇ ਇਕ ਹੋਰ ਭਾਰਤੀ ਨੌਜਵਾਨ ਦੀ ਮੌਤ ਵੀ ਕੁਝ ਹਫਤੇ ਪਹਿਲਾਂ ਹੋਈ ਸੀ।

# ਭਾਜਪਾ ਪੱਖੀ ਨੂੰ ਲਾਇਆ ਸੀ.ਬੀ.ਆਈ ਮੁਖੀ

ਦਿੱਲੀ:ਕਰਨਾਟਕ ਦੇ ਡੀਜੀਪੀ ਪ੍ਰਵੀਨ ਸੂਦ ਸੀਬੀਆਈ ਦੇ ਨਵੇਂ ਮੁਖੀ ਹੋਣਗੇ। ਦਿ ਹਿੰਦੂ ਦੇ ਅਨੁਸਾਰ, ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ ਉੱਚ-ਸ਼ਕਤੀਸ਼ਾਲੀ ਕਮੇਟੀ ਵਿੱਚ ਸੀਜੇਆਈ ਡੀਵਾਈ ਚੰਦਰਚੂੜ ਅਤੇ ਵਿਰੋਧੀ ਧਿਰ ਦੇ ਨੇਤਾ ਅਧੀਰ ਰੰਜਨ ਚੌਧਰੀ ਸ਼ਾਮਲ ਹਨ।ਹਾਲਾਂਕਿ ਦੱਸਿਆ ਗਿਆ ਹੈ ਕਿ ਚੋਣ ਪ੍ਰਕਿਰਿਆ ‘ਤੇ ਇਤਰਾਜ਼ ਦਰਜ ਕਰਵਾਉਂਦੇ ਹੋਏ ਚੌਧਰੀ ਨੇ ਇਸ ਨੂੰ ਨਵੇਂ ਸਿਰੇ ਤੋਂ ਸ਼ੁਰੂ ਕਰਨ ਦੀ ਮੰਗ ਕੀਤੀ ਸੀ। ਸੂਦ ਦੀ ਸਿਫ਼ਾਰਸ਼ ਦੇ ਵਿਰੁੱਧ ਇੱਕ ਅਸਹਿਮਤੀ ਨੋਟ ਵਿੱਚ, ਚੌਧਰੀ ਨੇ ਕਿਹਾ ਕਿ ਉਹ ਅਫਸਰਾਂ ਦੇ ਅਸਲ ਪੈਨਲ ਦਾ ਹਿੱਸਾ ਨਹੀਂ ਸੀ ਜਿਨ੍ਹਾਂ ਨੂੰ ਸੀਬੀਆਈ ਦੀ ਚੋਟੀ ਦੀ ਨੌਕਰੀ ਲਈ ਸ਼ਾਰਟਲਿਸਟ ਕੀਤਾ ਗਿਆ ਸੀ। ਉਨ੍ਹਾਂ ਦਾ ਨਾਂ ਆਖਰੀ ਸਮੇਂ ‘ਚ ਸ਼ਾਮਲ ਕੀਤਾ ਗਿਆ ਸੀ।

SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711

FARM MORTGAGE SPECIALIST

Please Call:

SARBJIT DUBB, AMP

Mortgage Consultant

604-780-4497

Verico A.K. Mortgage Plus Inc.

AK Mortgage Plus Professional Mortgage Consultants

A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca

5 YEAR FIXED

4.84 %*

Foreclosure?, we can help.

QUICK & EASY APPROVALS



*Rates are subject to change. O.A.C. Some Conditions Apply. VERICO A.K. MORTGAGE PLUS INC

# 25 ਕਰੋੜ ਦੀ ਰਿਸ਼ਵਤ ਲੈਣ ਲਈ ਸ਼ਾਹਰੁਖ ਖਾਨ ਦੇ ਬੇਟੇ ਤੇ ਬਣਾਇਆ ਸੀ ਡਰੱਗ ਦਾ ਕੇਸ



ਮੁੰਬਈ:-ਐੱਨਸੀਬੀ ਦੇ ਸਾਬਕਾ ਅਧਿਕਾਰੀ ਸਮੀਰ ਵਾਨਖੇੜੇ ਵੱਲੋਂ ਕੀਤੇ ਗਏ ਵਿਦੇਸ਼ੀ ਦੌਰੇ ਸੀਬੀਆਈ ਦੀ ਜਾਂਚ ਦੇ ਘੇਰੇ ਵਿਚ ਹਨ। ਜ਼ਿਕਰਯੋਗ ਹੈ ਕਿ ਸੀਬੀਆਈ ਨੇ ਵਾਨਖੇੜੇ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਇਹ ਮਾਮਲਾ ਸੁਪਰਸਟਾਰ ਸ਼ਾਹਰੁਖ਼ ਖਾਨ ਦੇ ਪੁੱਤਰ ਨੂੰ ਡਰੱਗ ਕੇਸ ਵਿਚ ਛੱਡਣ ਬਦਲੇ ਪਰਿਵਾਰ ਤੋਂ 25 ਕਰੋੜ ਰੁਪਏ ਰਿਸ਼ਵਤ ਮੰਗਣ ਨਾਲ ਜੁੜਿਆ ਹੋਇਆ ਹੈ। ਨਾਰਕੋਟਿਕਸ ਕੰਟਰੋਲ ਬਿਊਰੋ ਦੀ ਵਿਸ਼ੇਸ਼ ਜਾਂਚ ਟੀਮ ਨੇ ਸਾਬਕਾ ਅਧਿਕਾਰੀ ਵਾਨਖੇੜੇ ਵੱਲੋਂ ਦਿੱਤੇ ਗਏ ਸਪੱਸ਼ਟੀਕਰਨ ਉਤੇ ਸਵਾਲ ਉਠਾਏ ਸਨ। ਉਨ੍ਹਾਂ ਸਾਬਕਾ ਜ਼ੋਨਲ ਡਾਇਰੈਕਟਰ ਵੱਲੋਂ ਆਪਣੇ ਵਿਦੇਸ਼ੀ ਦੌਰਿਆਂ ਦੇ ਖ਼ਰਚ ਬਾਰੇ ਦਿੱਤੀ ਗਈ ਸਫ਼ਾਈ ਨੂੰ ਸ਼ੱਕੀ ਦੱਸਿਆ ਸੀ। ਜਾਂਚ ਟੀਮ ਦੀ ਪੜਤਾਲ ਵਿਚ ਕਿਹਾ ਗਿਆ ਸੀ ਕਿ ਵਾਨਖੇੜੇ ਮਹਿੰਗੀਆਂ ਗੁੱਟ ਘੜੀਆਂ ਦੀ ਖ਼ਰੀਦ-ਵੇਚ ਵਿਚ ਵੀ ਸ਼ਾਮਲ ਰਿਹਾ ਹੈ। ਉਸ ਨੇ ਇਸ ਬਾਰੇ ਵਿਭਾਗ ਨੂੰ ਜਾਣਕਾਰੀ ਨਹੀਂ ਦਿੱਤੀ। ਐਫਆਈਆਰ ਦੇ ਜਨਤਕ ਕੀਤੇ ਗਏ ਵੇਰਵਿਆਂ ਅਨੁਸਾਰ ਸਮੀਰ ਵਾਨਖੇੜੇ ਦੀਆਂ ਹਦਾਇਤਾਂ ’ਤੇ ਮਾਮਲੇ ਦੇ ਆਜ਼ਾਦ ਗਵਾਹਾਂ ਕੇਪੀ ਗੋਸਾਵੀ ਤੇ ਪ੍ਰਭਾਕਰ ਸੈਲ (ਮ੍ਰਿਤਕ) ਨੂੰ ਵੀ ਐੱਨਸੀਬੀ ਨੇ ਕਰੂਜ਼ ਸ਼ਿੱਪ ਵਿਚ ਮਾਰੇ ਡਰੱਗ ਛਾਪਿਆਂ ਦੌਰਾਨ ਕਾਰਵਾਈ ਵਿਚ ਆਪਣੇ ਨਾਲ ਸ਼ਾਮਲ ਕੀਤਾ ਸੀ। ਇਹ ਸਭ ਵਾਨਖੇੜੇ ਦੀਆਂ ਹਦਾਇਤਾਂ ਉਤੇ ਕੀਤਾ ਗਿਆ ਸੀ। ਇਹ ਛਾਪਾ 2 ਅਕਤੂਬਰ, 2021 ਨੂੰ ਮਾਰਿਆ ਗਿਆ ਸੀ। ਐਫਆਈਆਰ ਵਿਚ ਦਰਜ ਹੈ ਕਿ ਗੋਸਾਵੀ ਨੇ ਹੋਰਾਂ ਨਾਲ ਮਿਲ ਕੇ ਆਰੀਅਨ ਦੇ ਪਰਿਵਾਰ ਤੋਂ 25 ਕਰੋੜ ਰੁਪਏ ਲੈਣ ਦੀ ਸਾਜ਼ਿਸ਼ ਘੜੀ ਸੀ। ਐਫਆਈਆਰ ਮੁਤਾਬਕ ਆਰੀਅਨ ਖਾਨ ਤੇ ਹੋਰਾਂ ਨੂੰ ਗੋਸਾਵੀ ਦੇ ਪ੍ਰਾਈਵੇਟ ਵਾਹਨ ਵਿਚ ਐੱਨਸੀਬੀ ਦੇ ਦਫ਼ਤਰ ਲਿਆਂਦਾ ਗਿਆ ਸੀ। ਵਾਨਖੇੜੇ ਨੇ ਮੌਕੇ ਦਾ ਅਫ਼ਸਰ ਹੋਣ ਦੀ ਸਮਰੱਥਾ ’ਚ ਨਸ਼ੀਲੇ ਪਦਾਰਥਾਂ ਦੇ ਇਸ ਕੇਸ ਵਿਚ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਲਈ ਗੋਸਾਵੀ ਤੇ ਪ੍ਰਭਾਕਰ ਸੈਲ ਨੂੰ ਆਜ਼ਾਦ ਗਵਾਹਾਂ ਵਜੋਂ ਦਰਜ ਕਰਨ ਦੇ ਹੁਕਮ ਦਿੱਤੇ ਸਨ। ਵਾਨਖੇੜੇ ਨੇ ਐੱਨਸੀਬੀ ਦੇ ਸੁਪਰਡੈਂਟ ਵੀਵੀ ਸਿੰਘ ਨੂੰ ਕਿਹਾ ਸੀ ਕਿ ਉਹ ਗੋਸਾਵੀ ਨੂੰ ‘ਮੁਲਜ਼ਮਾਂ ਨਾਲ ਨਜਿੱਠਣ ਦੇਣ। ਇਸ ਤਰ੍ਹਾਂ ਵਾਨਖੇੜੇ ਨੇ ਗੋਸਾਵੀ ਨੂੰ ‘ਖੁੱਲ੍ਹੀ ਛੁੱਟੀ’ ਦਿੱਤੀ ਤੇ ਉਸ ਨੂੰ ਐੱਨਸੀਬੀ ਅਧਿਕਾਰੀ ਵਜੋਂ ਦਰਸਾਉਣ ਦਾ ਯਤਨ ਕੀਤਾ ਗਿਆ।

## (ਮੁੱਖ ਪੰਨੇ ਦੀ ਬਾਕੀ)

ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਪਿਛਲੀਆਂ ਗਰਮੀਆਂ ਵਿੱਚ ਲੈਸਟਰ ਵਿੱਚ ਨਸਲੀ ਅਸ਼ਾਂਤੀ ਨੇ ਸ਼ਹਿਰ ਵਿੱਚ ਪਹਿਲਾਂ ਤੋਂ ਹੀ ਵਸੇ ਹੋਏ ਨਵੇਂ ਆਏ ਹਿੰਦੂ ਪ੍ਰਵਾਸੀਆਂ ਅਤੇ ਮੁਸਲਮਾਨ ਨਿਵਾਸੀਆਂ ਵਿਚਕਾਰ ਮਹੀਨਿਆਂ ਤੱਕ ਤਣਾਅ ਪੈਦਾ ਕੀਤਾ ਅਤੇ ਨਸਲੀ ਸਦਭਾਵਨਾ ਦੇ ਪ੍ਰਤੀਕ ਵਜੋਂ ਬਰਤਾਨੀਆ ਦੀ ਸਾਖ ਨੂੰ ਗੰਧਲਾ ਕੀਤਾ। ਤੁਹਾਨੂੰ ਦੱਸ ਦੇਈਏ ਕਿ ਅਗਸਤ 2022 ਦੇ ਅਖੀਰ ਵਿੱਚ ਭਾਰਤ-ਪਾਕਿਸਤਾਨ ਕ੍ਰਿਕਟ ਮੈਚ ਤੋਂ ਬਾਅਦ ਹਿੰਦੂ ਅਤੇ ਮੁਸਲਿਮ ਨੌਜਵਾਨਾਂ ਵਿਚਾਲੇ ਹਿੰਸਕ ਝੜਪਾਂ ਹੋਈਆਂ ਸਨ, ਜਿਸ ਨੇ ਅੰਤਰਰਾਸ਼ਟਰੀ ਮੀਡੀਆ ਦਾ ਧਿਆਨ ਖਿੱਚਿਆ ਸੀ, ਖਾਸ ਤੌਰ ‘ਤੇ ਭਾਰਤ ਵਿੱਚ ਜਿੱਥੇ ਇਸਨੂੰ ਹਿੰਦੂ ਨਿਵਾਸੀਆਂ ‘ਤੇ ਮੁਸਲਮਾਨਾਂ ਦੁਆਰਾ ਕੀਤੇ ਗਏ ਹਮਲਿਆਂ ਦੇ ਤੌਰ ‘ਤੇ ਪ੍ਰਚਾਰਿਆ ਗਿਆ ਸੀ। ਡੇਲੀ ਮੇਲ ਨੂੰ ਦੱਸਿਆ ਗਿਆ ਕਿ ਭਾਰਤ ਦੇ ਭਾਜਪਾ ਵਰਕਰਾਂ ਨੇ ਫਿਰ ਸੁਨੇਹੇ ਅਤੇ ਮੀਮ ਜਾਰੀ ਕਰਨਾ ਸ਼ੁਰੂ ਕਰ ਦਿੱਤਾ, ਜੋ ਲੈਸਟਰ ਦੇ ਹਿੰਦੂਆਂ ਵਿੱਚ ਵਟਸਐਪ ਸਮੂਹਾਂ ਵਿੱਚ ਵਿਆਪਕ ਤੌਰ ‘ਤੇ ਪ੍ਰਸਾਰਿਤ ਕੀਤੇ ਗਏ ਸਨ। 28 ਅਗਸਤ 2022 ਨੂੰ ਭਾਰਤ-ਪਾਕਿਸਤਾਨ ਕ੍ਰਿਕਟ ਮੈਚ ਤੋਂ ਬਾਅਦ, ਲੈਸਟਰ ਵਿੱਚ 22 ਸਤੰਬਰ 2022 ਤੱਕ ਕਈ ਰਾਤਾਂ ਵਿਰੋਧ ਪ੍ਰਦਰਸ਼ਨ ਹੋਏ, ਜਿਸ ਵਿੱਚ ਨੌਜਵਾਨਾਂ ਨੇ ‘ਜੈ ਸ਼੍ਰੀ ਰਾਮ’ ਦੇ ਨਾਅਰੇ ਲਾਉਂਦੇ ਹੋਏ ਸੜਕਾਂ ‘ਤੇ ਮਾਰਚ ਕੀਤਾ। ‘ਜੈ ਸ਼੍ਰੀ ਰਾਮ’ ਭਾਰਤ ਵਿੱਚ ਹਿੰਦੂ ਸੱਜੇ ਪੱਖੀ ਰੈਲੀਆਂ ਦਾ ਨਾਅਰਾ ਬਣ ਗਿਆ ਹੈ। ਮੁਸਲਮਾਨਾਂ ਅਤੇ ਉਨ੍ਹਾਂ ਦੇ ਘਰਾਂ ‘ਤੇ ਹਮਲਿਆਂ ਦੇ ਨਾਲ-ਨਾਲ ਹਿੰਦੂ ਮੰਦਰਾਂ ਅਤੇ ਘਰਾਂ ‘ਤੇ ਹਮਲਿਆਂ ਅਤੇ ਭੰਨ-ਤੋੜ ਦੀਆਂ ਰਿਪੋਰਟਾਂ ਸਨ। ਸੁਰੱਖਿਆ ਸੂਤਰਾਂ ਨੇ ਡੇਲੀ ਮੇਲ ਨੂੰ ਦੱਸਿਆ ਕਿ ਕਥਿਤ ਦਖਲਅੰਦਾਜ਼ੀ ਮੋਦੀ ਦੀ ਦੁਨੀਆ ਭਰ ਵਿਚ ਹਿੰਦੂਆਂ ਦੇ ਨੇਤਾ ਵਜੋਂ ਸਥਾਪਿਤ ਕਰਨ ਦੀ ਇੱਛਾ ਦਾ ਹਿੱਸਾ ਜਾਪਦੀ ਹੈ। ਪਿਛਲੇ ਸਾਲ ਦੇ ਦੰਗਿਆਂ ਤੋਂ ਬਾਅਦ, ਲੈਸਟਰ ਵਿੱਚ ਅਸ਼ਾਂਤੀ ਨੂੰ ਵਧਾਉਣ ਵਿੱਚ ਸੋਸ਼ਲ ਮੀਡੀਆ ਦੀ ਭੂਮਿਕਾ ਦੀ ਜਾਂਚ ਕਰਨ ਲਈ ਕਈ ਅਧਿਐਨ ਕੀਤੇ ਗਏ ਸਨ। ਇਸ ਤੋਂ ਪਹਿਲਾਂ ਵੀ ਇਕ ਰਿਪੋਰਟ ‘ਚ ਦੱਸਿਆ ਗਿਆ ਸੀ ਕਿ 28 ਅਗਸਤ 2022 ਨੂੰ ਏਸ਼ੀਆ ਕੱਪ ‘ਚ ਭਾਰਤ ਅਤੇ ਪਾਕਿਸਤਾਨ ਵਿਚਾਲੇ ਹੋਏ ਮੈਚ ਤੋਂ ਬਾਅਦ ਬ੍ਰਿਟੇਨ ਦੇ ਲੈਸਟਰ ਸ਼ਹਿਰ ‘ਚ ਹਿੰਦੂ ਅਤੇ ਮੁਸਲਿਮ ਭਾਈਚਾਰੇ ‘ਚ ਤਣਾਅ ਭਾਰਤ ਤੋਂ ਸੰਚਾਲਿਤ ਟਵਿੱਟਰ ਅਕਾਊਂਟਸ ਨੇ ਵਧਾਇਆ ਸੀ। ਸੋਸ਼ਲ ਮੀਡੀਆ ਮਸਜਿਦਾਂ ਨੂੰ ਅੱਗ ਲਾਉਣ ਅਤੇ ਅਗਵਾ ਕਰਨ ਦੇ ਦਾਅਵਿਆਂ ਦੇ ਵੀਡੀਓਜ਼ ਨਾਲ ਭਰ ਗਿਆ ਸੀ, ਜਿਸ ਨੇ ਪੁਲਿਸ ਨੂੰ ਚੇਤਾਵਨੀ ਜਾਰੀ ਕਰਨ ਲਈ ਪ੍ਰੇਰਿਆ ਕਿ ਲੋਕਾਂ ਨੂੰ ਗੁੰਮਰਾਹਕੁੰਨ ਖਬਰਾਂ ‘ਤੇ ਵਿਸ਼ਵਾਸ ਨਾ ਕਰਨਾ ਚਾਹੀਦਾ ਹੈ ਜੋ ਆਨਲਾਈਨ ਪ੍ਰਸਾਰਿਤ ਹੋ ਰਹੇ ਹਨ। ਖੋਜਕਰਤਾਵਾਂ ਦਾ ਕਹਿਣਾ ਹੈ ਕਿ ਭਾਰਤ ਵਿੱਚ ਅਸ਼ਾਂਤੀ ਫੈਲਾਉਣ ਵਾਲੇ ਕਈ ਟਵਿਟਰ ਅਕਾਊਂਟ ਬਣਾਏ ਗਏ ਸਨ।

# ਦੁਨੀਆ ’ਚ ਜ਼ੱਚਾ-ਬੱਚਾ ਮੌਤ ਮਾਮਲੇ ’ਚ ਭਾਰਤ ਸਿਖ਼ਰ ’ਤੇ

ਕੇਪਟਾਊਨ:-ਬੱਚੇ ਦੇ ਜਨਮ, ਮਰੇ ਹੋਏ ਬੱਚੇ ਜੰਮਣ ਅਤੇ ਨਵਜੰਮੇ ਬੱਚਿਆਂ ਦੀ ਮੌਤ ਹੋਣ ਦੇ ਵਿਸ਼ਵ ਭਰ ਵਿਚ 60 ਫੀਸਦੀ ਮਾਮਲੇ 10 ਦੇਸ਼ਾਂ ਵਿਚ ਹਨ ਤੇ ਭਾਰਤ ਦੀ ਸਥਿਤੀ ਸਭ ਤੋਂ ਖ਼ਰਾਬ ਹੈ। ਇਹ ਜਾਣਕਾਰੀ ਸੰਯੁਕਤ ਰਾਸ਼ਟਰ ਵੱਲੋਂ ਜਾਰੀ ਰਿਪੋਰਟ ਵਿੱਚ ਦਿੱਤੀ ਗਈ ਹੈ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਭਾਰਤ ਉਨ੍ਹਾਂ 10 ਦੇਸ਼ਾਂ ਦੀ ਸੂਚੀ ਵਿੱਚ ਵੀ ਸਿਖਰ ‘ਤੇ ਹੈ ਜੋ ਵਿਸ਼ਵਵਿਆਪੀ ਬਾਲ ਜਨਮ ਵਿੱਚ 51 ਪ੍ਰਤੀਸ਼ਤ ਦਾ ਯੋਗਦਾਨ ਪਾਉਂਦਾ ਹੈ। ਇਨ੍ਹਾਂ ਅੰਕੜਿਆਂ ਅਨੁਸਾਰ 2020-2021 ਵਿਚ ਜਣੇਪੇ ਦੌਰਾਨ 2 ਲੱਖ 90 ਹਜ਼ਾਰ ਔਰਤਾਂ ਦੀ ਮੌਤ ਹੋਈ, 19 ਲੱਖ ਮਰੇ ਹੋਏ ਬੱਚੇ ਪੈਦਾ ਹੋਏ ਅਤੇ 23 ਲੱਖ ਨਵਜੰਮੇ ਬੱਚਿਆਂ ਦੀ ਮੌਤ ਹੋ ਗਈ। ਵਿਸ਼ਵ ਪੱਧਰ ‘ਤੇ ਕੁੱਲ 45 ਲੱਖ ਮੌਤਾਂ ਹੋਈਆਂ, ਜਿਨ੍ਹਾਂ ਵਿਚੋਂ ਭਾਰਤ ਵਿਚ ਮਰਨ ਵਾਲਿਆਂ ਦੀ ਗਿਣਤੀ 7,88,000 ਹੈ। ਇਸ ਸੂਚੀ ਵਿੱਚ ਭਾਰਤ ਤੋਂ ਬਾਅਦ ਨਾਈਜੀਰੀਆ, ਪਾਕਿਸਤਾਨ, ਕਾਂਗੋ ਲੋਕਤੰਤਰੀ ਗਣਰਾਜ, ਇਥੋਪੀਆ, ਬੰਗਲਾਦੇਸ਼ ਅਤੇ ਚੀਨ ਦਾ ਨੰਬਰ ਆਉਂਦਾ ਹੈ।

The Builder's Direct
Experienced & Honest
Bath & Kitchen Fixtures



Wholesale price to public
We carry all major brands
Fireplaces Also Available



Get all kind of Kitchen & Washroom Fixtures at wholesale prices.
Call For Free Estimates
Harjit Sahota: 778-808-2628
604-593-7755
12652-82 Ave, Surrey BC

TMG LOGISTICS INC.
Need Owner Operators
NOW HIRING
*Vancouver to California *California to Alberta Back Vancouver
*Vancouver to East USA Return
Good Paying Loads
Need Company Drivers
Single Driver Pay 52cents/mile
Team Drivers 32 cents/mile



FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

# ਸ੍ਰੀ ਦਰਬਾਰ ਸਾਹਿਬ ਲਾਗੇ ਧਮਾਕਿਆਂ ਪਿੱਛੇ ਭਾਰਤੀ ਖੁਫੀਆ ਏਜੰਸੀਆਂ ਦਾ ਹੱਥ: ਹਰਦੀਪ ਸਿੰਘ ਨਿੱਝਰ



ਸਰੀ:-ਕਿਸੇ ਵੀ ਦੇਸ਼ ਵਿਚ ਖੁਫ਼ੀਆ ਤੰਤਰ ਦਾ ਹੋਣਾ ਉਸ ਦੇਸ ਦੀ ਮੁੱਖ ਲੋੜ ਹੁੰਦੀ ਹੈ, ਅਤੇ ਉਹ ਦੇਸ਼ ਦੀ ਤਰੱਕੀ ਅਤੇ ਭਲਾਈ ਲਈ ਕੰਮ ਕਰਦੇ ਹਨ, ਪਰ ਭਾਰਤ ਦੇਸ਼ ਦੇ ਖ਼ੂਫੀਆ ਮਹਿਕਮੇ ਜਿਸ ਤਰ੍ਹਾਂ ਕਦੇ ਅਜ਼ਾਦੀ ਪਸੰਦ ਸਿੱਖਾਂ ਵਿਰੁੱਧ ਘਿਨੌਣੇ ਹਥਕੰਡੇ ਅਪਣਾਅ ਕੇ ਉਹਨਾਂ ਨੂੰ ਜਾਨੋਂ ਖਤਮ ਕੀਤਾ ਜਾ ਰਿਹਾ ਹੈ, ਓਸੇ ਤਰ੍ਹਾਂ ਹੀ ਭਾਰਤੀ ਏਜੰਸੀਆਂ ਵੱਲੋਂ ਨਸ਼ਈ ਲੋਕਾਂ ਨੂੰ ਵਰਤ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰੇਆਮ ਘੋਰ ਬੇਅਦਬੀ ਕਰਾਵਾ ਕੇ ਸਿੱਖਾਂ ਸਿਰ ਹੀ ਮੜ੍ਹਿਆ ਜਾ ਰਿਹਾ, ਇਸ ਲੜੀ ਤਹਿਤ ਹੁਣ ਭਾਰਤੀ ਏਜੰਸੀਆਂ ਵੱਲੋਂ ਸ੍ਰੀ ਦਰਬਾਰ ਸਾਹਿਬ ਲਾਗੇ ਆਪਣੇ ਚਹੇਤਿਆਂ ਨੂੰ ਖਰੀਦ ਕੇ ਧਮਾਕੇ ਕਰਵਾ ਕੇ ਸਿੱਖਾਂ ਨੂੰ ਹੀ ਦੋਸ਼ੀ ਠਹਿਰਾ ਕੇ ਦੁਨੀਆਂ ਨੂੰ ਇਹ ਸੁਨੇਹਾ ਦਿੱਤਾ ਜਾ ਰਿਹਾ ਹੈ ਕਿ ਸਿੱਖਾਂ ਤੇ ਹਮਲੇ ਵੀ ਸਿੱਖ ਹੀ ਕਰਵਾ ਰਹੇ ਹਨ।ਜਦ ਕਿ ਸਰਬੱਤ ਦਾ ਭਲਾ ਮੰਗਣ ਵਾਲੀ ਸਿੱਖ ਕੌਮ ਨਾਲ ਭਾਰਤੀ ਸਟੇਟ ਦੇ ਹਿੰਦੂਤਵੀ ਹਾਕਮਾਂ ਤੋਂ ਬਿਨਾਂ ਕਿਸੇ ਨੂੰ ਕੋਈ ਨਫਰਤ ਜਾ ਤਕਲੀਫ ਨਹੀਂ ਹੈ, ਅਸਲ ਵਿੱਚ ਭਾਰਤੀ ਹਕੂਮਤ ਆਪਣੇ ਕਰਿੰਦਿਆਂ ਨੂੰ ਕਦੇ ਚਿਹਰਿਆਂ ਤੇ ਤਿਰੰਗਾ ਲਗਵਾ ਕੇ ਭੇਜਦੀਆਂ ਹਨ, ਅਤੇ ਕਦੇ ਬੇਅਦਬੀ ਕਰਨ ਦੀ ਮਨਸ਼ਾ ਨਾਲ ਭੇਜਦੀਆਂ ਹਨ ਉਹ ਹਰ ਸਮੇਂ ਅਸਫ਼ਲ ਹੀ ਹੋਏ ਹਨ।ਜਿਹੜੀ ਹਕੂਮਤ ਸ੍ਰੀ ਦਰਬਾਰ ਸਾਹਿਬ ਉੱਤੇ ਸ਼ਰ੍ਹੇਆਮ ਆਪਣੀਆਂ ਭਾਰਤੀ ਫੌਜਾਂ ਰਾਹੀਂ ਤੋਪਾਂ ਟੈਂਕਾਂ ਗੋਲੀਆਂ ਨਾਲ ਸ਼ਰੇਆਮ ਹਮਲੇ ਕਰ ਸਕਦੀ ਹੈ, ਉਸੇ ਹੀ ਭਾਰਤੀ ਹਕੂਮਤ ਦੀਆਂ ਏਜੰਸੀਆਂ ਲਈ ਸ੍ਰੀ ਦਰਬਾਰ ਸਾਹਿਬ ਦੇ ਲਾਗੇ ਧਮਾਕੇ ਕਰਕੇ ਦਹਿਸ਼ਤ ਪਾਉਣਾ ਕੋਈ ਵੱਡੀ ਗੱਲ ਨਹੀਂ ਹੈ। ਅਸਲ ਵਿਚ ਜਦੋਂ ਵੀ ਜੂਨ ਮਹੀਨਾ ਆਉਂਦਾ ਹੈ ਤਾਂ ਭਾਰਤੀ ਖੁਫੀਆ ਏਜੰਸੀਆਂ ਸ੍ਰੀ ਦਰਬਾਰ ਸਾਹਿਬ ਵਿਖੇ ਹਰ ਵਾਰ ਦਹਿਸ਼ਤ ਦਾ ਮਾਹੌਲ ਸਿਰਜਦੀਆ ਹਨ ਤਾਂ ਕਿ ਸਿੱਖ ਸ੍ਰੀ ਦਰਬਾਰ ਸਾਹਿਬ ਵਿਖੇ ਇਕੱਠੇ ਹੋ ਕੇ ਆਪਣੀ ਕੌਮ ਦਾ ਦਰਦ ਨਾ ਪੇਸ਼ ਕਰ ਸਕਣ। ਸਗੋਂ ਸਿੱਖਾਂ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਆਉਣ ਤੋਂ ਰੋਕਣ ਲਈ ਉਨ੍ਹਾਂ ਦੀਆਂ ਤਲਾਸ਼ੀਆਂ ਲੈ ਕੇ ਸਿੱਖ ਸੰਗਤ ਵਿਚ ਦਹਿਸ਼ਤ ਦਾ ਮਾਹੌਲ ਸਿਰਜਿਆ ਜਾਂਦਾ ਹੈ ਤਾਂ ਕੇ ਸਿੱਖ ਸੰਗਤ ਸ੍ਰੀ ਦਰਬਾਰ ਸਾਹਿਬ ਆਉਣ ਦੀ ਬਜਾਏ ਘਰ ਵਿੱਚ ਹੀ ਚੁੱਪ ਕਰਕੇ ਬੈਠ ਜਾਣ। ਤਾਂ ਕਿ ਸਿੱਖ ਆਪਣੀ ਕੌਮ ਤੇ ਭਾਰਤੀ ਹਕੂਮਤ ਵੱਲੋਂ ਕੀਤੇ ਗਏ ਜਬਰ ਜੁਲਮਾਂ ਦੀ ਗੱਲ ਵੀ ਨਾ ਕਰ ਸਕਣ।ਅਸੀਂ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਜੇਕਰ ਕੋਈ ਵਿਦੇਸ਼ੀ ਤੀਜੀ ਧਿਰ ਇਨ੍ਹਾਂ ਧਮਾਕਿਆਂ ਦੀ ਨਿਰਪੱਖ ਹੋ ਕੇ ਜਾਂਚ ਕਰੇ ਤਾਂ ਭਾਰਤੀ ਖੁਫੀਆ ਏਜੰਸੀਆਂ ਦਾ ਹੱਥ ਨਿਕਲੇਗਾ।

# ਪੰਜਾਬੀ ਮੂਲ ਦੇ ਸੰਸਦ ਮੈਂਬਰ ਜਾਰਜ ਚਾਹਲ ਨੂੰ ਮਾਰਨ ਦੀਆਂ ਧਮਕੀਆਂ



ਕੈਲਗਰੀ(ਜਸਜੀਤ ਸਿੰਘ ਧਾਮੀ)-ਪਾਰਲੀਮੈਂਟ ਹਲਕਾ ਕੈਲਗਰੀ ਸਕਾਈਵਿਊ ਤੋਂ ਪੰਜਾਬੀ ਮੂਲ ਦੇ ਲਿਬਰਲ ਪਾਰਟੀ ਦੇ ਸੰਸਦ ਮੈਂਬਰ ਜਾਰਜ ਚਾਹਲ ਨੂੰ ਜਾਨੋ ਮਾਰਨ ਦੀਆਂ ਧਮਕੀਆਂ ਮਿਲੀਆਂ ਹਨ। ਉਨ੍ਹਾਂ ਨੂੰ ਵਾਇਸਮੇਲਾਂ ਰਾਹੀ ਨਸਲਵਾਦੀ ਅਤੇ ਸਮਲਿੰਗੀ ਗਾਲਾਂ ਦਿੱਤੀਆਂ ਗਈਆਂ। ਜਾਰਜ ਚਾਹਲ ਨੇ ਆਪਣੇ ਸ਼ੋਸ਼ਲ ਮੀਡੀਆ ਰਾਹੀਂ ਵੀ ਇਸ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ ਕਿ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਜਾਨੋ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ।ਉਨ੍ਹਾਂ ਦੱਸਿਆ ਹੈ ਕਿ ਪਹਿਲਾਂ ਵੀ ਉਨ੍ਹਾਂ ਨੂੰ ਮਾਰਚ ਮਹੀਨੇ ਫੋਨ ਕਾਲਾਂ ਆਈਆਂ ਸਨ।

# ਪ੍ਰਵਾਸੀਆਂ ਲਈ ਫੈਡਰਲ ਮੰਤਰੀ ਹਰਜੀਤ ਸੱਜਣ ਨੇ ਕੀਤਾ ਵਿਸ਼ੇਸ਼ ਐਲਾਨ

ਵੈਨਕੂਵਰ: ਕੈਨੇਡਾ ਸਰਕਾਰ ਨਵੇਂ ਪ੍ਰਵਾਸੀਆਂ ਦੀ ਮਦਦ ਲਈ ਯਤਨਸ਼ੀਲ ਹੈ। ਇਸ ਦੇ ਚਲਦਿਆਂ ਹੀ ਵੈਨਕੂਵਰ 'ਚ ਇਨ੍ਹਾਂ ਪ੍ਰਵਾਸੀਆਂ ਲਈ ਪੂਰਵ ਆਗਮਨ ਬੰਦੋਬਸਤ ਸੇਵਾਵਾਂ ਪ੍ਰਦਾਨ ਕਰਨ ਵਾਲੀ ਏਜੰਸੀ ਨੂੰ 12 ਮਿਲੀਅਨ ਡਾਲਰ ਦੀ ਫੈਡਰਲ ਫੰਡਿੰਗ ਮੁਹੱਈਆ ਕਰਵਾਈ ਜਾਵੇਗੀ।ਇੱਕ ਪ੍ਰੈਸ ਕਾਨਫਰੰਸ ਦੌਰਾਨ ਕੌਮਾਂਤਰੀ ਵਿਕਾਸ ਮੰਤਰੀ ਹਰਜੀਤ ਸਿੰਘ ਸੱਜਣ ਨੇ ਇਸ ਦਾ ਐਲਾਨ ਕੀਤਾ।

# ਸਵ. ਪ੍ਰਕਾਸ਼ ਸਿੰਘ ਬਾਦਲ ਦੇ ਨਮਿਤ ਵੈਨਕੂਵਰ ਵਿਖੇ ਸਰਧਾਂਜਲੀ ਸਮਾਗਮ



ਵੈਨਕੂਵਰ:(ਪੰਧੇਰ ਗੁਰਸੇਵ ਸਿੰਘ) ਖਾਲਸਾ ਦੀਵਾਨ ਸੁਸਾਇਟੀ 8000 ਰੌਸ ਸਟਰੀਟ ਵਿਖੇ 14 ਮਈ ਦਿਨ ਐਤਵਾਰ ਨੂੰ ਸ.ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣੇਂ ਤੇ ਅਕਾਲੀ ਦਲ ਵੈਨਕੂਵਰ ਵੱਲੋਂ ਉਨਾ ਦੇ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਸਰਧਾਜਲੀ ਸਮਾਗਮ ਕਰਵਾਇਆ।ਇਸ ਸਮੇਂ ਅਕਾਲੀ ਲੀਡਰ ਕੁਲਜੀਤ ਸਿੰਘ ਸਿੱਧਵਾਂ ਖੁਰਦ, ਗੁਰਬਖਸ਼ ਸਿੰਘ (ਬਾਗੀ) ਸੰਘੇੜਾ, ਰਾਣਾ ਕੁਲਥਮ, ਸੁਰਿੰਦਰਪਾਲ ਔਲਖ, ਜੋਗਾ ਸਿੰਘ ਲਾਲੀ,ਸਤਵੀਰ ਸਿੰਘ ਸੱਤਾਜੰਗ, ਜਸਵਿੰਦਰ ਸਿੰਘ ਢਿੱਲੋਂ, ਰਵਿੰਦਰ ਖੱਖ, ਸਰਬਜੀਤ ਬਾਸੀ,ਜਗਪਾਲ ਪੁੰਨੀ, ਅਮਨਦੀਪ ਸਿੰਘ ਅਤੇ ਹੋਰ ਉੱਘੇ ਅਕਾਲੀ ਪਹੁੰਚੇ ਹੋਏ ਸਨ।ਇਸ ਸਮੇਂ ਪ੍ਰਕਾਸ਼ ਸਿੰਘ ਬਾਦਲ ਦੇ ਜੀਵਨ ਤੇ ਚਾਨਣਾ ਪਾਇਆ ਗਿਆ।


ਤੁਹਾਡੇ ਕਾਨੂੰਨੀ ਮਾਮਲਿਆਂ ਵਿਚ ਨੁਮਾਇੰਦਗੀ ਅਤੇ ਮਾਹਿਰ ਸਲਾਹ ਮਸ਼ਵਰਾ



**ਫੈਮਲੀ ਲਾਅ**
- ਵੱਖ ਵੱਖ ਹੋਏ,ਵਿਆਹ, ਪੀੜਤ ਅਤੇ ਮੁੜ ਇਕੱਠੇ ਰਹਿਣ ਲਈ ਸਮਝੌਤਾ
- ਤਲਾਕ ਅਤੇ ਵੱਖ ਹੋਣ ਦੀ ਕਾਰਵਾਈ
- ਬੱਚੇ ਅਤੇ ਸਪਾਊਜ਼ਲ ਸਹਾਇਤਾ
- ਜਾਇਦਾਦ ਦੀ ਵੰਡ
- ਗੋਦ ਲੈਣ ਦੀ ਐਪਲੀਕੇਸ਼ਨ
- ਬੱਚੇ ਨਾਲ ਰਹਿਣ ਦੇ ਅਧਿਕਾਰ ਦੀ ਐਪਲੀਕੇਸ਼ਨ

**ਇਮੀਗ੍ਰੇਸ਼ਨ ਲਾਅ**
- ਸਟੂਡੈਂਟਸ, ਵਰਕਰਜ਼ ਅਤੇ ਵਿਜ਼ਟਰ ਕੇਸ
- ਇਮੀਗ੍ਰੇਸ਼ਨ ਨਾਲ ਸਬੰਧਿਤ ਸਾਰੇ ਮਾਮਲੇ
- ਸਪਾਂਸਰਸ਼ਿਪ ਕੇਸ

**ਬੀ.ਸੀ. ਅਤੇ ਐਲਬਰਟਾ ਵਿਚ ਰਿਅਨਲ ਐਸਟੇਟ**
- ਬੀ.ਸੀ. ਅਤੇ ਐਲਬਰਟਾ ਖੇਤਰ ਵਿਚ ਰਿਹਾਇਸ਼ੀ ਜਾਇਦਾਦ ਦੀ ਵਿਕਰੀ/ਖ਼੍ਰੀਦਦਾਰੀ
- ਬਿਜ਼ਨਸ ਦੀ ਵਿਕਰੀ / ਖ਼੍ਰੀਦਦਾਰੀ
- ਜ਼ਮੀਨ ਦੀ ਵਰਤੋਂ, ਰੀਅਲ ਐਸਟੇਟ, ਪ੍ਰਾਪਰਟੀ ਟੈਕਸ ਅਸੈਸਮੈਂਟ
- ਲੀਨ (Lien) ਦੇ ਕਲੇਮ
- ਕਾਂਟਰੈਕਟੀਅਲ ਕਲੇਮ
- ਰੀਅਲ ਐਸਟੇਟ ਲਿਟੀਗੇਸ਼ਨ

**ਇੰਪਲਾਇਮੈਂਟ ਲਾਅ**
- ਇੰਪਲਾਇਮੈਂਟ ਇਕਰਾਰਨਾਮਿਆਂ ਦਾ ਰੀਵਿਊ
- ਇੰਪਲਾਇਮੈਂਟ ਇਕਰਾਰਨਾਮਾ ਤਿਆਰ ਕਰਨਾ
- ਗੈਰ-ਕਾਨੂੰਨੀ ਬਰਖਾਸਤੀ
- ਇੰਪਲਾਇਮੈਂਟ ਇਕਰਾਰਨਾਮੇ ਦੀ ਉਲੰਘਣਾ
- ਕੰਮ ਦੇ ਸਥਾਨ 'ਤੇ ਲੱਗੀ ਸੱਟ
- ਕੰਮ ਦੇ ਸਥਾਨ 'ਤੇ ਸੋਸ਼ਣ ਅਤੇ ਪ੍ਰੇਸ਼ਾਨੀ
- ਕੰਮ ਦੇ ਸਥਾਨ 'ਤੇ ਸਮਾਗਮਾਂ ਦੇ ਕਲੇਮ

**ਕਾਰਪੋਰੇਟ ਅਤੇ ਬਿਜ਼ਨਸ ਲਾਅ**
- ਸ਼ੇਅਰ ਹੋਲਡਰ ਸਮਝੌਤੇ
- ਲੀਜ਼ ਐਗਰੀਮੈਂਟ
- ਕਿਰਾਏਦਾਰਾਂ ਦਾ ਐਗਰੀਮੈਂਟ
- ਕੰਪਨੀ ਬਣਾਉਣਾ ਅਤੇ ਖਤਮ ਕਰਨਾਂ
- ਪਾਰਟਨਰਸ਼ਿਪ ਅਤੇ ਸਾਂਝੇ ਯਤਨ
- ਬਿਜ਼ਨਸ ਵਿਵਾਦ/ਸ਼ੇਅਰ ਹੋਲਡਰ ਵਿਵਾਦ

**ਨੋਟਰੀ ਸੇਵਾਵਾਂ**
- ਨੋਟਰਾਈਜੇਸ਼ਨਜ਼
- ਵਸੀਅਤ, ਜਾਇਦਾਦ ਅਤੇ ਟਰੱਸਟ
- ਹਲਫਨਾਮੇ ਅਤੇ ਘੋਸ਼ਣਾਵਾਂ
- ਵਿਜ਼ਟਰ ਵੀਜ਼ੇ, ਸੁਪਰ ਵੀਜ਼ੇ ਦੀ ਘੋਸ਼ਣਾਵਾਂ
- ਸਪਾਂਸਰਸ਼ਿਪ ਘੋਸ਼ਣਾਵਾਂ
- ਮੁਖਤਿਆਰਨਾਮਾ

**ਸਾਡੀ ਚੋਣ ਕਰਨ ਦੇ ਫਾਇਦੇ**
- ਘੱਟ ਕੀਮਤ 'ਤੇ ਵਧੀਆ ਕੁਆਲਿਟੀ ਦੀ ਲੀਗਲ ਸਰਵਿਸ
- ਇਮਾਨਦਾਰ ਸਲਾਹ ਅਤੇ ਤੁਹਾਡੀ ਜ਼ਰੂਰਤ ਦੇ ਅਨੁਸਾਰ ਹੱਲ
- ਗਾਹਕ ਦੀ ਪੂਰੀ ਤਸੱਲੀ ਅਤੇ ਦਿਮਾਗੀ ਸ਼ਾਂਤੀ
- ਵਧੀਆ ਨਤੀਜੇ

**ਚਰਨਜੀਤ ਕੌਰ ਰੈਨਾ**

ਵਕੀਲ ਅਤੇ ਨੋਟਰੀ ਪਬਲਿਕ

**778 835 8455**

#201-13049 76th Avenue, Surrey BC V3W2V7

www.rainalaw.com Email : craina@rainalaw.com

# ‘ਮਨ ਕੀ ਬਾਤ’ ਵੀ ਉਸੇ ਤਰ੍ਹਾਂ ਦਾ ਨਸ਼ਾ ਹੈ ਜੋ ਸਟਾਲਿਨ ਜਾਂ ਹਿਟਲਰ ਨੂੰ ਸੀ

ਲੇਖਕ ਅਪੂਰਵਾਨੰਦ

ਲਗਭਗ 80 ਸਾਲ ਪਹਿਲਾਂ ਕਿਸੇ ਦੂਰ-ਦੁਰਾਡੇ ਦੇਸ਼ ਵਿੱਚ ਵਾਪਰੀ ਇੱਕ ਘਟਨਾ ਵਾਪਰੀ, ਜੋ ਇੱਕ ਲੇਖਕ ਦੁਆਰਾ ਕੀਤੀ ਗਈ ਸੀ।ਬਹੁਤੇ ਲੋਕ ਲੇਖਕ ਨੂੰ ਵੀ ਜਾਣਦੇ ਹਨ ਅਤੇ ਘਟਨਾ ਦੇ ਸੰਦਰਭ ਨੂੰ ਵੀ। ਲੇਖਕ ਸੋਲਜ਼ੇਨਿਤਸਿਨ ਹੈ ਅਤੇ ਜਿਸ ਲਈ ਤਾੜੀਆਂ ਵੱਜ ਰਹੀਆਂ ਹਨ ਉਹ ਸਟਾਲਿਨ ਹੈ।ਇਹ ਘਟਨਾ 11 ਮਿੰਟ ਦੀ ਤਾੜੀਆਂ ਵਜੋਂ ਮਸ਼ਹੂਰ ਹੈ। 1937 ਸੋਵੀਅਤ ਕਮਿਊਨਿਸਟ ਪਾਰਟੀ ਦੀ ਮੀਟਿੰਗ ਵਿੱਚ ਸਟਾਲਿਨ ਦੇ ਭਾਸ਼ਣ ਤੋਂ ਬਾਅਦ ਜਦੋਂ ਤਾੜੀਆਂ ਗੂੰਜਣ ਲੱਗੀਆਂ, ਤਾਂ ਹਾਲ ਵਿਚ ਮੌਜੂਦ ਕਿਸੇ ਦੀ ਵੀ ਹਿੰਮਤ ਨਹੀਂ ਸੀ ਕਿ ਉਹ ਸਭ ਤੋਂ ਪਹਿਲਾਂ ਤਾੜੀਆਂ ਵਜਾਉਂਣੀਆਂ ਬੰਦ ਕਰੇ! ਕਿਹਾ ਜਾਂਦਾ ਹੈ ਕਿ ਤੰਗ ਆ ਕੇ ਇਕ ਸ਼ਖਸ਼ ਨੇ ਅਜਿਹਾ ਕੀਤਾ। ਸਾਰੀ ਸਭਾ ਦੰਗ ਰਹਿ ਗਈ। ਤਾੜੀਆਂ ਰੁਕ ਗਈਆਂ। ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਉਸ ਵਿਅਕਤੀ ਨਾਲ ਕੀ ਹੋਇਆ ਹੋਵੇਗਾ।30 ਅਪ੍ਰੈਲ, 2023 ਐਤਵਾਰ ਨੂੰ ਭਾਰਤ ਵਿਚ ਇਸ ਘਟਨਾ ਨੂੰ ਕਿਉਂ ਯਾਦ ਕੀਤਾ ਜਾਣਾ ਚਾਹੀਦਾ ਹੈ? ਇਕ ਤੋਂ ਬਾਅਦ ਇਕ ਤਸਵੀਰਾਂ ਆਉਣ ਲੱਗ ਪਈਆਂ: ਸੰਘੀ ਸਰਕਾਰ ਦੇ ਮੰਤਰੀ, ਰਾਜਾਂ ਦੇ ਮੁੱਖ ਮੰਤਰੀ, ਮੰਤਰੀ, ਸਰਕਾਰੀ ਅਧਿਕਾਰੀ, ਕੁਝ ਦੇਖ ਰਹੇ ਹਨ, ਕਿਤੇ ਨਜ਼ਰ ਆ ਰਹੇ ਹਨ। ਪਰ ਉਹ ਕੀ ਲੱਭ ਰਹੇ ਸਨ? ਤੁਸੀਂ ਕਿਸ ਨੂੰ ਦੇਖ ਰਹੇ ਸੀ? ਇੱਕ ਇੱਕ ਨੇਤਾ ਦੀਆਂ ਅੱਖਾਂ ਨੀਂਦ ਤੋਂ ਭਾਰੀ ਹੋ ਰਹੀਆਂ ਸਨ। ਸਿਰ ਵਾਰ-ਵਾਰ ਮੋਢੇ ‘ਤੇ ਪੈਂਦਾ ਸੀ।ਐਤਵਾਰ ਸੀ। ਪਰ ਕਈ ਥਾਵਾਂ ‘ਤੇ ਸਕੂਲਾਂ ਦੀਆਂ ਛੁੱਟੀਆਂ ਰੱਦ ਕਰ ਦਿੱਤੀਆਂ ਗਈਆਂ। ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਸਕੂਲ ਵਿੱਚ ਆ ਕੇ ਸਮੂਹਿਕ ਰੂਪ ਵਿੱਚ ਮੋਦੀ ਦੇ ਪ੍ਰਵਚਨ ਸੁਣੇਂ।ਮੱਧ ਪ੍ਰਦੇਸ਼ ਵਿੱਚ ਤਾਂ ਸਰਪੰਚਾਂ ਨੂੰ ਹੁਕਮ ਦਿੱਤਾ ਗਿਆ ਸੀ ਕਿ ਜੇਕਰ ਉਹ ਪੰਚਾਇਤ ਭਵਨ ਵਿੱਚ ਆ ਕੇ ਮੋਦੀ ਦੀ ‘ਮਨ ਕੀ ਬਾਤ’ਨਹੀਂ ਸੁਣਨਗੇ’ ਤਾਂ ਸਰਪੰਚ ਨੂੰ ਚੁੱਕ ਲਿਆ ਜਾਵੇਗਾ।ਯੂਨੀਵਰਸਿਟੀਆਂ ਦੇ ਵਾਈਸ-ਚਾਂਸਲਰ ਆਪਣੇ ਹੋਰ ਅਧਿਕਾਰੀ ਵੀ ਉਸ ਦਿਨ ਅੱਖਾਂ ਗੱਡੀ ਬੈਠੇ ਸਨ ਤਾਂ ਕਿ ਲੱਗੇ ਕਿ ‘ਜਨਤਾ’ ਆਪਣੀਆਂ ਅੱਖਾਂ ਨਾਲ ਪ੍ਰਧਾਨ ਮੰਤਰੀ ਦੀ ‘ਮਨ ਕੀ ਬਾਤ’ ਦਾ ਟੈਲੀਕਾਸਟ ਸੁਣ ਰਹੀ ਸੀ। ਇਹ ਕੋਈ ਸਧਾਰਨ ‘ਮਨ ਕੀ ਬਾਤ’ ਨਹੀਂ ਸੀ।ਹਰ ਮਹੀਨੇ ਦੇ ਆਖ਼ਰੀ ਐਤਵਾਰ ਨੂੰ ਪ੍ਰਧਾਨ ਮੰਤਰੀ ਵੱਲੋਂ ਆਪਣੀ ਪਿਆਰੀ ਜਨਤਾ ਨੂੰ ‘ਮਨ ਕੀ ਬਾਤ’ ਸੁਣਾਏ 100 ਮਹੀਨੇ ਬੀਤ ਚੁੱਕੇ ਹਨ। ਇਹ ਇੱਕ ਵਿਸ਼ਵ ਰਿਕਾਰਡ ਸੀ। ਇਸਦੀ ਮਹੱਤਤਾ ਨੂੰ ਸਮਝਾਉਣ ਲਈ ਇੱਕ ਮਹਾਨ ਸਮਾਗਮ, ਫਿਲਮੀ ਕਲਾਕਾਰ, ਉਦਯੋਗਪਤੀ, ਭਾਰਤੀ ਸਮਾਜ ਦੇ ਸ਼ਾਹੂਕਾਰ ਦਿੱਲੀ ਵਿੱਚ ਇਕੱਠੇ ਹੋਏ। ਭਾਰਤ ਤੋਂ ਬਾਹਰੋਂ, ਜਿਨ੍ਹਾਂ ਨੇ ਭਾਰਤ ਵਿਚ ਵਪਾਰ ਕਰਨਾ ਹੈ, ਉਨ੍ਹਾਂ ਨੇ ਮਨ ਕੀ ਬਾਤ ਦੀ ਮਹਾਂ ਉਸਤਤ ਕੀਤੀ।ਇਸ ਮਹਾਨ ਪ੍ਰਾਪਤੀ ਦਾ ਜਸ਼ਨ ਮਨਾਉਣ ਲਈ 100 ਰੁਪਏ ਦਾ ਵਿਸ਼ੇਸ਼ ਸਿੱਕਾ ਜਾਰੀ ਕਰਨ ਦਾ ਐਲਾਨ ਕੀਤਾ ਗਿਆ। ਸਾਰੇ ਕਮਿਊਨਿਟੀ ਰੇਡੀਓ ਸਟੇਸ਼ਨਾਂ ਨੂੰ ‘ਮਨ ਕੀ ਬਾਤ’ ਦਾ 100ਵਾਂ ਐਪੀਸੋਡ ਲਾਜ਼ਮੀ ਤੌਰ ‘ਤੇ ਪ੍ਰਸਾਰਿਤ ਕਰਨ ਦਾ ਹੁਕਮ ਦਿੱਤਾ ਗਿਆ ਸੀ। ਇੱਥੋਂ ਤੱਕ ਕਿ ਪ੍ਰਾਈਵੇਟ ਟੈਲੀਵਿਜ਼ਨ ਚੈਨਲ ਵੀ। ਭਾਰਤ ਦੀ ਵੱਡੀ ਪੂੰਜੀ ਵਾਲਾ ਮੀਡੀਆ ਇਸ ਸਰਕਾਰ ਅਤੇ ਨਰਿੰਦਰ ਮੋਦੀ ਦਾ ਸਿੰਗ ਬਣ ਗਿਆ ਹੈ ਅਤੇ ਇਸ ਨੂੰ ਕੋਈ ਸ਼ਰਮ ਨਹੀਂ ਹੈ।

ਇਸ ਨੂੰ ਪੂਰਾ ਪ੍ਰਸਾਰਣ ਅਤੇ ਸੁਣਿਆ ਜਾਣ ਦਾ ਸਬੂਤ ਵੀ ਪੇਸ਼ ਕਰਨਾ ਪਿਆ। ਇਸੇ ਲਈ ਸ਼ੁਰੂ ਅਤੇ ਬਾਅਦ ਦੇ ਕੁਝ ਹਿੱਸੇ ਦੌਰਾਨ ਇਸ ਨੂੰ ਸੁਣਨ ਵਾਲੇ ਲੋਕਾਂ ਦੀਆਂ ਤਸਵੀਰਾਂ, ਵੀਡੀਓ ਰਿਕਾਰਡ ਕਰਨ ਦਾ ਹੁਕਮ ਸੀ। ਇਹੀ ਸੀ ਉਨ੍ਹਾਂ ਤਸਵੀਰਾਂ ਦਾ ਰਾਜ਼, ਕਿਉਂਕਿ ਜਿਨ੍ਹਾਂ ਵਿਚ ਮੰਤਰੀ, ਨੇਤਾ, ਅਫਸਰ ਬੇਕਾਰ ਵਿਚ ਲੋਕਾਂ ਨੂੰ ਘੂਰਦੇ ਹੋਏ ਦੇਖੇ ਜਾ ਸਕਦੇ ਸਨ।

‘ਮਨ ਕੀ ਬਾਤ’ ਉਹੀ ਸਵੈ-ਪ੍ਰੇਮ ਹੈ ਜੋ ਸਟਾਲਿਨ ਜਾਂ ਹਿਟਲਰ ਨੂੰ ਸੀ। ਕਿਹਾ ਜਾਂਦਾ ਹੈ ਕਿ ਸੋਵੀਅਤ ਸੰਘ ਵਿੱਚ ਤੁਸੀਂ ਸਟਾਲਿਨ ਦੀ ਆਵਾਜ਼ ਤੋਂ ਬਚ ਨਹੀਂ ਸਕੇ। ਸਟਾਲਿਨ ਦੀ ਆਵਾਜ਼ ਸੜਕਾਂ ‘ਤੇ ਲਾਊਡਸਪੀਕਰਾਂ ਰਾਹੀਂ ਤੁਹਾਡੇ ਪਿੱਛੇ ਚੱਲਦੀ ਸੀ। ਕਈ ਹੋਰ ਕਮਿਊਨਿਸਟ ਦੇਸ਼ਾਂ ਦਾ ਵੀ ਇਹੀ ਹਾਲ ਸੀ। ਹਿਟਲਰ ਨੇ ਸਵੈ-ਪ੍ਰਚਾਰ ਲਈ ਰੇਡੀਓ ਦੀ ਵਰਤੋਂ ਕਿਵੇਂ ਕੀਤੀ, ਇਹ ਇੱਕ ਜਾਣਿਆ-ਪਛਾਣਿਆ ਤੱਥ ਹੈ। ਭਾਰਤ ਹੁਣ ਹਿਟਲਰ ਅਤੇ ਸਟਾਲਿਨ ਦੇ ਰਾਹ ‘ਤੇ ਚੱਲ ਰਿਹਾ ਹੈ।

ਇਹ ਤਸੱਲੀ ਵਾਲੀ ਗੱਲ ਹੈ ਕਿ ਸ਼ਾਇਦ ਭਾਰਤ ਦੀ ਸਿਰਫ਼ ਇੱਕ ਚੌਥਾਈ ਆਬਾਦੀ ਨੇ ਹੀ ਇਸ ਸਵੈ-ਪ੍ਰਚਾਰ ਅਤੇ ਸਵੈ-ਗੱਲ ਵਿੱਚ ਦਿਲਚਸਪੀ ਲਈ ਹੈ। ਭਾਰਤ ਦੇ ਲੋਕ ਖੁਦ ਇਸ ਦੀ ਗੱਲ ਨਹੀਂ ਸੁਣਦੇ। ਕਮਿਊਨਿਟੀ ਰੇਡੀਓ ਸੰਚਾਲਕਾਂ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਦੇ ਸਰੋਤਿਆਂ ਨੂੰ ਮਹਾਨ ਨੇਤਾ ਦੀ ਆਵਾਜ਼ ਵਿੱਚ ਕੋਈ ਦਿਲਚਸਪੀ ਨਹੀਂ ਹੈ। ਅਤੇ ਇਸ ਵਿੱਚ ਭਾਰਤ ਲਈ ਉਮੀਦ ਹੈ।ਭਾਰਤ ਦੀ ਜੋ ਤਸਵੀਰ ਭਾਰਤ ਦੇ ਸਾਰੇ ਕੁਲੀਨ ਮਿਲ ਕੇ ਬਣਾਉਣਾ ਚਾਹੁੰਦੇ ਹਨ, ਉਹ ਭਾਰਤ ਅਜੇ ਵੀ ਨਹੀਂ ਬਣ ਸਕਿਆ ਹੈ। (ਲੇਖਕ ਦਿੱਲੀ ਯੂਨੀਵਰਸਿਟੀ ਵਿੱਚ ਪੜ੍ਹਾਉਂਦੇ ਹਨ।)

## ਬਜਰੰਗ ਦਲ ਗੁੰਡਿਆਂ ਦਾ ਸਮੂੰਹ:ਕਾਂਗਰਸ

ਦਿੱਲੀ-ਕਾਂਗਰਸ ਦੇ ਸੀਨੀਅਰ ਨੇਤਾ ਦਿਗਵਿਜੇ ਸਿੰਘ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਯੂਥ ਵਿੰਗ ਬਜਰੰਗ ਦਲ ਨੂੰ ‘ਗੁੰਡਿਆਂ ਦਾ ਸਮੂਹ’ ਕਰਾਰ ਦਿੱਤਾ ਹੈ। ਇੰਡੀਅਨ ਐਕਸਪ੍ਰੈਸ ਦੇ ਅਨੁਸਾਰ, ਸਿੰਘ ਨੇ ਕਿਹਾ ਕਿ ਉਹ ਸਨਾਤਨ ਧਰਮ ਵਿੱਚ ਵਿਸ਼ਵਾਸ ਰੱਖਦੇ ਹਨ ਜੋ ਸਦਭਾਵਨਾ ਅਤੇ ਸਾਰਿਆਂ ਦੀ ਭਲਾਈ ਦਾ ਪ੍ਰਚਾਰ ਕਰਦਾ ਹੈ, ਪਰ ਅਜਿਹਾ ਹਿੰਦੂਤਵ ਵਿੱਚ ਨਹੀਂ ਹੈ। ਹਿੰਦੂਤਵ ਦਾ ਮਤਲਬ ਹੈ, ਨਾ ਮੰਨਣ ਵਾਲਿਆਂ ਨੂੰ ਡੰਡਿਆਂ ਨਾਲ ਕੁੱਟੋ, ਉਨ੍ਹਾਂ ਦੇ ਘਰ ਤੋੜੋ, ਬੇਈਮਾਨੀ ਨਾਲ ਪੈਸੇ ਲੈ ਲਓ। ਉਨ੍ਹਾਂ ਇਹ ਵੀ ਕਿਹਾ ਕਿ ਇਹ ਦੁਖਦਾਈ ਹੈ ਕਿ ਭਾਜਪਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਜਰੰਗ ਦਲ ਦੀ ਤੁਲਨਾ ਬਜਰੰਗ ਬਲੀ ਨਾਲ ਕਰ ਰਹੇ ਹਨ। ਇਹ ਦੇਵਤੇ ਦਾ ਅਪਮਾਨ ਕਰਨ ਦੇ ਬਰਾਬਰ ਹੈ।ਉਸ ਨੂੰ ਇਸ ਲਈ ਮੁਆਫੀ ਮੰਗਣੀ ਚਾਹੀਦੀ ਹੈ।


Free Acupuncture & Cupping
MSP Covered Premium Assistance under 10 treatments FREE

WE TREAT :
- BACK PAIN
- NECK PAIN
- HEEL PAIN
- SHOULDER PAIN
- KNEE PAIN
- SCIATICA NERVE PAIN

ਅਸੀਂ ਇਲਾਜ ਕਰਦੇ ਹਾਂ :
- ਪਿੱਠ ਦੀ ਦਰਦ
- ਗਰਦਨ ਦੀ ਦਰਦ
- ਅੱਡੀ ਦਾ ਦਰਦ
- ਮੋਢਿਆਂ ਦੀ ਦਰਦ
- ਗੋਡਿਆਂ ਦੀ ਦਰਦ
- ਸਕਾਈਟਿਕਾ ਨਰਵ ਦਰਦ

BEIJING ACUPUNCTURE & TCM CLINIC

778.385.3346





R.AC LEE SEUNG YEON

9631-136A ST SURREY (ACROSS SURREY MEMORIAL HOSPITAL)
EMAIL: gab9113@gmail.com






Punjab TRAVELS


ਜੀਵਨ ਸਿੰਘ ਮੋਗਾ

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

2642 Cedar Park
Abbotsford, British Columbia V2T 3S5
Ph : 604-825-3075, 604-744-4400



ਮਨ ਮਨੁੱਖ ਦੀ ਕੁੰਜੀ ਹੈ — Mind is the key to the man.
NATURAL HOMEOPATHIC SOLUTIONS
Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:
- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases


"Homeopath R S Saini receiving International Award"
Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.
ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚੋਂ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

# ਜਦੋਂ ਦੁਨਿਆਵੀ ਅਦਾਲਤਾਂ ਇਨਸਾਫ ਨਾ ਦੇਣ ਫਿਰ ਸਿੱਖ ਰਵਾਇਤਾਂ ਅਨੁਸਾਰ ਆਪ ਇਨਸਾਫ਼ ਕਰਨਾ ਜਾਇਜ਼ ਹੈ:ਹਰਦੀਪ ਸਿੰਘ ਨਿੱਝਰ

ਸਰੀ:-ਇੰਟਰਨੈਸ਼ਨਲ ਕਾਨੂੰਨ ਮੁਤਾਬਕ ਜੇਕਰ ਕੋਈ ਵੀ ਵਿਅਕਤੀ ਤੁਹਾਡੇ ਘਰ ਉੱਤੇ ਹਮਲਾ ਅਤੇ ਮਾੜੀ ਨੀਅਤ ਦੀ ਮਨਸ਼ਾ ਨਾਲ ਆ ਜਾਵੇ ਤਾਂ ਸਾਨੂੰ ਆਪਣੇ ਬਚਾ ਲਈ ਮੌਕੇ ਤੇ ਇਨਸਾਫ਼ ਕਰਨਾ ਜਾਇਜ ਹੈ।ਭਾਰਤੀ ਹਕੂਮਤ ਅਤੇ ਖੁਫੀਆ ਏਜੰਸੀਆਂ ਦੀ ਸ਼ਹਿ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾ ਬਾਰ-ਬਾਰ ਵਾਪਰ ਰਹੀਆਂ ਹਨ। ਸਰਕਾਰਾਂ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਬਜਾਏ ਮਾਨਸਿਕ ਰੋਗੀ ਦਾ ਬਹਾਨਾ ਬਣਾ ਕੇ ਛੱਡ ਦਿੰਦੀਆਂ ਹਨ, ਜਿਸ ਤੋਂ ਸਿੱਧਾ ਸਾਫ਼ ਤੇ ਸਪਸ਼ਟ ਹੁੰਦਾ ਹੈ ਕਿ ਇਨ੍ਹਾਂ ਬੇਅਦਬੀ ਦੇ ਦੋਸ਼ੀਆਂ ਦੀ ਪਿੱਠ ਪਿੱਛੇ ਭਾਰਤੀ ਖੁਫੀਆ ਏਜੰਸੀਆਂ ਦਾ ਥਾਪੜਾ ਹੈ। ਉਸੇ ਲੜੀ ਤਹਿਤ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਵਾਪਰੀ ਘਟਨਾ ਪਿੱਛੇ ਵੀ ਭਾਰਤੀ ਏਜੰਸੀਆਂ ਦਾ ਹੱਥ ਹੈ। ਕਿਉਂਕਿ ਭਾਰਤੀ ਏਜੰਸੀਆਂ ਸਿੱਖਾਂ ਦਾ ਧਿਆਨ ਭਟਕਾਉਣ ਲਈ ਇਹੋ ਜਿਹੀਆਂ ਹਰਕਤਾਂ ਲੰਬੇ ਸਮੇਂ ਤੋਂ ਕਰਦੀਆਂ ਆ ਰਹੀਆਂ ਹਨ। ਜਦ ਕਿ ਜਾਗਤ-ਜੋਤਿ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਦੀ ਬਹਾਲੀ ਵਾਸਤੇ ਦੁਨੀਆਂ ਭਰ ਵਿਚ ਹਰ ਸਿੱਖ ਹਰ ਸਮੇਂ ਤਿਆਰ ਬਰ ਤਿਆਰ ਰਹਿਣਾ ਚਾਹੀਦਾ ਹੈ। ਕਿਉਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੁਨੀਆਂ ਦੇ ਪਹਿਲੇ ਇੱਕੋ-ਇੱਕ ਅਜਿਹੇ ਗ੍ਰੰਥ ਹਨ ਜਿਨ੍ਹਾਂ ਨੂੰ ਸਦੀਵੀ ਗੁਰੂ ਦਾ ਦਰਜਾ ਹਾਂਸਲ ਹੈ। ਜਿਸ ਕਰਕੇ ਹਰ ਸਿੱਖ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਤੋਂ ਉੱਤੇ ਕੁੱਝ ਵੀ ਨਹੀਂ, ਭਾਰਤੀ ਹਕੂਮਤ ਅਤੇ ਖੁਫੀਆ ਏਜੰਸੀਆਂ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਅਤੇ ਗੁਲਾਮ ਬਨਾਉਣ ਲਈ ਹਰ ਸਮੇਂ ਤਤਪਰ ਰਹਿੰਦੀਆਂ ਹਨ।

ਭਾਈ ਨਿਰਮਲਜੀਤ ਸਿੰਘ ਦੇ ਪਰਿਵਾਰ ਨਾਲ ਗੁਰੂ ਨਾਨਕ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਸੰਗਤ ਹਰ ਤਰ੍ਹਾਂ ਦੇ ਸਾਥ ਅਤੇ ਸਹਿਯੋਗ ਲਈ ਪ੍ਰੀਵਾਰ ਨਾਲ ਚਟਾਨ ਵਾਂਗ ਖੜ੍ਹੀ ਹੈ। ਸਾਡੀ ਦੇਸ਼ਾਂ ਵਿਦੇਸ਼ਾਂ ਵਿੱਚ ਵਸਦੇ ਸਮੂਹ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤ ਨੂੰ ਅਪੀਲ ਹੈ ਕਿ ਉਹ ਭਾਈ ਸਾਹਿਬ ਦੇ ਪਰਿਵਾਰ ਨਾਲ ਹਰ ਤਰ੍ਹਾਂ ਦਾ ਸਹਿਯੋਗ ਕਰਨ ਲਈ ਅੱਗੇ ਆਉਣ। ਗੁਰੂ ਦਾ ਸਿੱਖ ਆਪਣੀ ਜਾਨ ਤਾਂ ਕੁਰਬਾਨ ਕਰ ਸਕਦਾ ਹੈ ਪਰ ਗੁਰੂ ਸਾਹਿਬ ਦੀ ਬੇਅਦਬੀ ਅਤੇ ਨਿੰਦਾ ਨਹੀਂ ਸਹਾਰ ਸਕਦਾ। ਸਿੱਖ ਕੌਮ ਲਈ ਇਹਨਾ ਸਾਰਿਆਂ ਮਸਲਿਆਂ ਦਾ ਹੱਲ ਕੌਮੀ ਘਰ ਖਾਲਸਾ ਰਾਜ ਖਾਲਿਸਤਾਨ ਹੈ।

## ਧਾਰਾ 370 ਮੂਲ ਸੰਵਿਧਾਨ ਦਾ ਆਰਜ਼ੀ ਹਿੱਸਾ ਸੀ, ਫਿਰ ਹਮੇਸ਼ਾਂ ਲਈ ਕਿਵੇਂ ਬਣਿਆ ਰਹਿ ਸਕਦਾ ਸੀ:ਅਮਿਤ ਸ਼ਾਹ

ਨਵੀਂ ਦਿੱਲੀ (ਉਪਮਾ ਡਾਗਾ ਪਾਰਥ)-ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਧਾਰਾ 370 ਨੂੰ ਲੈ ਕੇ ਅਹਿਮ ਬਿਆਨ ਦਿੰਦਿਆਂ ਕਿਹਾ ਕਿ ਇਹ ਮੂਲ ਸੰਵਿਧਾਨ ਦੇ ਇੰਡੈਕਸ ਦਾ ਆਰਜ਼ੀ ਹਿੱਸਾ ਸੀ ਤਾਂ ਫਿਰ ਇਹ ਹਮੇਸ਼ਾ ਲਈ ਕਿਵੇਂ ਰਹਿ ਸਕਦਾ ਸੀ। ਉਨ੍ਹਾਂ ਕਿਹਾ ਕਿ ਧਾਰਾ 370 ਨਹੀਂ ਰਹਿਣੀ ਚਾਹੀਦੀ ਇਹ ਪੂਰਾ ਦੇਸ਼ ਚਾਹੁੰਦਾ ਸੀ, ਪਰ ਇਸ ਦੀ ਚਰਚਾ ਸੰਸਦ 'ਚੋਂ ਗਾਇਬ ਸੀ। ਅਮਿਤ ਸ਼ਾਹ ਨੇ ਦਿੱਲੀ 'ਚ ਕਾਨੂੰਨ ਦਾ ਖਰੜਾ ਤਿਆਰ ਕਰਨ ਸੰਬੰਧੀ ਇਕ ਟ੍ਰੇਨਿੰਗ ਪ੍ਰੋਗਰਾਮ 'ਚ ਉਕਤ ਬਿਆਨ ਦਿੱਤਾ। ਗ੍ਰਹਿ ਮੰਤਰੀ ਨੇ ਕਿਹਾ ਕਿ ਕਾਨੂੰਨ ਦਾ ਖਰੜਾ ਤਿਆਰ ਕਰਨਾ ਕੋਈ ਵਿਗਿਆਨ ਜਾਂ ਕਲਾ ਨਹੀਂ ਹੈ, ਸਗੋਂ ਇਕ ਹੁਨਰ ਹੈ, ਜੋ ਸਹੀ ਭਾਵਨਾ ਨਾਲ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਾਨੂੰਨ ਸਪੱਸ਼ਟ ਹੋਣਾ ਚਾਹੀਦਾ ਹੈ ਅਤੇ ਉਸ 'ਚ ਕਮੀ ਦੀ ਕੋਈ ਗੁੰਜਾਇਸ਼ ਨਹੀਂ ਹੋਣੀ ਚਾਹੀਦੀ। ਗ੍ਰਹਿ ਮੰਤਰੀ ਨੇ ਸੰਸਦ ਅਤੇ ਰਾਜਾਂ ਦੇ ਕਾਨੂੰਨ ਬਣਾਉਣ ਵਾਲੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਕਾਨੂੰਨ ਦਾ ਖਰੜਾ ਸੌਖਾ ਅਤੇ ਸਪੱਸ਼ਟ ਸ਼ਬਦਾਂ 'ਚ ਬਣਾਇਆ ਜਾਣਾ ਚਾਹੀਦਾ ਹੈ ਤਾਂ ਜੋ ਕਿਸੇ ਵੀ ਨੁਕਤੇ 'ਤੇ ਕੋਈ ਟਕਰਾਅ ਨਾ ਹੋਵੇ। ਅਮਿਤ ਸ਼ਾਹ ਨੇ ਮੋਦੀ ਸਰਕਾਰ ਵਲੋਂ ਸੁਖਾਲੇ ਕਾਨੂੰਨ ਸੰਬੰਧੀ ਚੁੱਕੇ ਕਦਮਾਂ ਦਾ ਬਿਓਰਾ ਦਿੰਦਿਆਂ ਕਿਹਾ ਕਿ ਸਰਕਾਰ ਨੇ 2015 ਤੋਂ ਹੁਣ ਤੱਕ ਦੋ ਹਜ਼ਾਰ ਬੇਲੋੜੇ ਕਾਨੂੰਨ ਰੱਦ ਕੀਤੇ ਹਨ। ਇਸ ਪ੍ਰੋਗਰਾਮ 'ਚ ਲੋਕ ਸਭਾ ਸਪੀਕਰ ਓਮ ਬਿਰਲਾ, ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਹਿਲਾਦ ਜੋਸ਼ੀ ਸਮੇਤ ਕਈ ਸੀਨੀਅਰ ਅਧਿਕਾਰੀ ਮੌਜੂਦ ਸਨ।

## ਵਿਵੇਕ ਰਘੂਵੰਸ਼ੀ ਜਸੂਸੀ ਦੇ ਦੋਸ਼ ਵਿੱਚ ਗ੍ਰਿਫਤਾਰ

ਦਿੱਲੀ:ਅਮਰੀਕਾ ਦੀ ਵੱਕਾਰੀ ਵੈੱਬਸਾਈਟ ਡਿਫੈਂਸ ਨਿਊਜ਼ ਲਈ 1991 ਤੋਂ ਕੰਮ ਕਰ ਰਹੇ ਪੱਤਰਕਾਰ ਅਤੇ ਵੈੱਬਸਾਈਟ ਦੇ ਦਿੱਲੀ ਬਿਊਰੋ ਚੀਫ ਵਿਵੇਕ ਰਘੂਵੰਸ਼ੀ ਨੂੰ ਸੀਬੀਆਈ ਨੇ ਆਫੀਸ਼ੀਅਲ ਸੀਕਰੇਟਸ ਐਕਟ ਤਹਿਤ ਗ੍ਰਿਫਤਾਰ ਕੀਤਾ ਹੈ।ਨਿਊਜ਼ 18 ਦੇ ਅਨੁਸਾਰ, ਸੀਬੀਆਈ ਨੇ ਪੱਤਰਕਾਰਾਂ ਨੂੰ ਦੱਸਿਆ ਹੈ ਕਿ ਰਘੂਵੰਸ਼ੀ "ਕਥਿਤ ਤੌਰ 'ਤੇ ਰੱਖਿਆ ਪ੍ਰੋਜੈਕਟਾਂ, ਰੱਖਿਆ ਖਰੀਦਦਾਰੀ ਅਤੇ ਭਵਿੱਖ ਦੀਆਂ ਯੋਜਨਾਵਾਂ ਦੇ ਰਣਨੀਤਕ ਵੇਰਵੇ ਪੈਸਿਆਂ ਲਈ ਵਿਦੇਸ਼ਾਂ ਨੂੰ ਵੇਚ ਰਿਹਾ ਸੀ।

FEEL GREAT SYSTEM
ਕੀ ਤੁਸੀਂ ਵੀ ਇਹਨਾਂ ਸਮੱਸਿਆਵਾਂ ਨਾਲ ਜੂਝ ਰਹੇ ਹੋ?
✓ ਸੂਗਰ ਕੰਟਰੋਲ
✓ ਕੋਲੈਸਟ੍ਰੋਲ ਕੰਟਰੋਲ
✓ ਥਾਇਰਾਇਡ ਕੰਟਰੋਲ
✓ ਮਾਈਗਰੇਨ ਕੰਟਰੋਲ
✓ ਬਲੱਡ ਪ੍ਰੈਸ਼ਰ ਕੰਟਰੋਲ
✓ ਭਾਰ ਕੰਟਰੋਲ
✓ ਜੋੜਾਂ ਦਾ ਦਰਦ
✓ ਸਰੀਰ ਵਿੱਚ ਥਕਾਵਟ ਰਹਿਣਾ
✓ ਹਾਰਮੋਨਲ ਅਸੰਤੁਲਨ
✓ PCOS/PCOD
✓ ਪਾਚਨ ਸੰਬੰਧੀ ਸਮੱਸਿਆਵਾਂ
If you want good health do not wait just call +1604-537-9744 after 4:30 pm or msg on whatsaap
ARE YOU FIGHTING WITH THESE PROBLEMS:
✓ Diabetes Control
✓ Cholesterol Control
✓ Thyroid Control
✓ Migraine Control
✓ Blood Pressure Control
✓ Weight Control
✓ Joints Pain
✓ Low Energy
✓ Hormonal Imbalance
✓ PCOS/PCOD
✓ Digestive Problems
WE HAVE GOT ONE STOP SOLUTION FOR ALL THESE PROBLEMS AND IT'S 100% NATURAL PLANT BASED

T&S Transportation
Hiring Owner Operators & Drivers



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।
ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ
ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ
ਹੋਰ ਜਾਣਕਾਰੀ ਲਈ ਫੋਨ ਕਰੋ
604-607-0333

A TO Z DRIVING SCHOOL
ਲਰਨਿੰਗ ਲਾਇਸੈਂਸ
ਕਾਰ, ਟਰੱਕ/ ਮੋਟਰਸਾਈਕਲ ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ
- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ








ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ
WE DO:
*CITIZENSHIP CLASSES
*NATIONAL SAFETY CODE (NSC) CLASSES
A to Z DRIVING SCHOOL
Lucky: 604-614-5365
Unit 15 - 8388 128 St., Surrey


LIQUOR discounter
Friday May 5th 2023 until Sunday June 4th 2023
$94.99 GREY GOOSE 1.75L
$75.99 JAMESON 1.75L
$64.99 GLENLIVET FOUNDERS RESERVE 750ML
$58.99 JOHNNIE WALKER BLACK LABEL 750ML
$56.99 1.75L KHALUA $24.99 750ML
$52.99 1.75L CROWN ROYAL $25.99 750ML
$52.99 ABSOLUT VODKA 1.75L
$51.99 SMIRNOFF VODKA 1.75L
$51.99 DEWARS 1.75L
$51.99 1.14L JAMESON $34.99 750ML
$45.99 CIROC BLUE RED BERRY 750ML
$38.99 BALLANTINES 1.14L
$38.99 CAPTAIN MORGAN SPICED 1.14L
$37.99 1.14L ABSOLUT VODKA $23.99 750ML
$35.99 WISERS 1.14L
$33.99 JAGERMEISTER 750ML
$33.99 EL JIMADOR BLANCO 750ML
$33.99 JOSE CUERVO GOLD 750ML
$30.99 FIREBALL 1.14L
$28.99 BAILEYS ORIGINAL 750ML
$26.99 TANQUERAY GIN 750ML
$25.99 STOLICHNAYA VODKA 750ML
$25.99 DEWARS 750ML
$49.99 1.75L BACARDI WHITE $21.99 750ML
BELOW Government Store Prices!
$38.99 COPPER MOON CAB SAUV SHIRAZ 4L
$37.99 BODACIOUS SMOOTH RED SMOOTH WHITE 4L
$15.99 JACKSON TRIGGS CAB SAUV PINOT GRIGIO 1.5L
$13.99 GATO CAB SAUV SAUV BLANC 1.5L
$13.49 YELLOW TAIL BUBBLES 750ML
$12.49 WOODBRIDGE CAB SAUV CHARDONNAY 750ML
$11.79 YELLOW TAIL SHIRAZ 750ML
$10.99 BAREFOOT PINK PINOT GRIGIO MOSCATO 750ML
$10.99 JACOBS CREEK MOSCATO 750ML
$10.49 BASK PINOT NOIR SAUV BLANC ROSE 750ML
$14.99 PELLER ESTATES CAB SAUV 1.5L
$7.79 BLACK CELLAR MALBEC MERLOT SHIRAZ CAB 750ML
SHOP & SAVE! Rewards Program See in-store for details
$9.49 BODACIOUS SMOOTH RED SMOOTH WHITE 750ML
$18.99 JOSH CAB SAUV 750ML
$55.99 BUDWEISER 36 CANS
$48.99 STELLA ARTOIS 24 BOTTLES
$41.99 MICHELOB ULTRA 24 CANS
$35.99 PABST 24 CANS
$29.49 PACIFIC PILSNER 24 CANS
$25.99 HEINEKEN 12 BOTTLES OR 12 CANS
$25.99 CORONA 12 BOTTLES OR 12 CANS
$23.49 GUINESS 8 CANS
$22.99 OLD MILWAUKEE 15 CANS
$22.49 SLEEMANS HONEY BROWN 12 BOTTLES
$20.99 STANLEY PARK CONCESSION STAND 12 CANS
$26.49 NUDE LEMONADE MIXER 12 CANS
$25.99 WHITE CLAW VARIETY PACK 12 CANS
$26.49 DILLONS GIN 12 CANS
$25.99 WHITE CLAW ICED TEA 12 CANS
$25.99 NUTRL 12 CANS
$22.99 HEY Y'ALL LEMONADE 12 CANS
$21.99 HEY Y'ALL ORIGINAL 12 CANS
PRICE BEAT GUARANTEE!
$21.99 STRONGBOW 8 CANS
$9.99 GROWERS APPLE PEACH 2L
8473 - 120 Street, Delta 604.592.2599
14357 - 104 Ave, Surrey 778.293.1964
LiquorDiscounter.ca
follow us on facebook
Prices exclude tax and deposits and are subject to change without notice.

# Furniture Land

Furnishing Your Home For Less

# VISAKHI SALE

Store Hours
Mon-Sun 10am. to 6pm.

## 2 Locations

## SURREY

13581 77th Avenue,
Surrey, BC V3W 6Y2
PH:(604) 591-9595
info@furnitureland.ca

## RICHMOND

12180 Bridgeport Road,
Richmond, BC V6V 1J3
PH: (604) 278-9595
richmond@furnitureland.ca















# ਅਮਰੀਕਾ ’ਚ ਭਾਰਤੀ ਮੂਲ ਦੀ ਗੀਤਾ ਨੂੰ ਮਿਲਿਆ ਅਹਿਮ ਅਹੁਦਾ

ਵਾਸ਼ਿੰਗਟਨ:ਅਮਰੀਕਾ ਵਿਚ ਭਾਰਤੀ ਮੂਲ ਦੀ ਗੀਤਾ ਰਾਓ ਗੁਪਤਾ ਨੂੰ ਅਹਿਮ ਅਹੁਦੇ ਨਾਲ ਨਿਵਾਜਿਆ ਗਿਆ।ਅਮਰੀਕੀ ਸੈਨੇਟ ਨੇ ਵਿਦੇਸ਼ ਵਿਭਾਗ ਵਿੱਚ ਅੰਬੈਸਡਰ ਆਫ਼ ਗਲੋਬਲ ਵੂਮੈਨਜ਼ ਇਸ਼ੂ ਵਜੋਂ ਡਾ. ਗੀਤਾ ਦੇ ਨਾਮ ’ਤੇ ਮੋਹਰ ਲਾ ਦਿੱਤੀ।ਮੰਤਰਾਲੇ ਨੇ ਟਵੀਟ ਕੀਤਾ ਕਿ ਉਹ ਅਮਰੀਕੀ ਵਿਦੇਸ਼ ਨੀਤੀ ਦੇ ਮਾਧਿਅਮ ਨਾਲ ਮਹਿਲਾਵਾਂ ਅਤੇ ਕੁੜੀਆਂ ਦੇ ਅਧਿਕਾਰਾਂ ਨੂੰ ਹੱਲਾਸ਼ੇਰੀ ਦੇਣ ਸਬੰਧੀ ਗੀਤਾ ਗੁਪਤਾ ਦੇ ਯਤਨਾਂ ਤੋਂ ਕਾਫ਼ੀ ਪ੍ਰਭਾਵਿਤ ਹੈ। ਇਸ ਹਫ਼ਤੇ ਦੇ ਸ਼ੁਰੂ ਵਿੱਚ ਅਮਰੀਕੀ ਸੈਨੇਟ ਵਿੱਚ ਹੋਈ ਵੋਟਿੰਗ ’ਚ 47 ਦੇ ਮੁਕਾਬਲੇ 51 ਵੋਟਾਂ ਨਾਲ ਗੁਪਤਾ ਦੇ ਨਾਮ ਦੀ ਪੁਸ਼ਟੀ ਕੀਤੀ ਗਈ।










# .Ck Auto.

## CK AUTO SERVICES LTD.




ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ

ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

**SALE** BUY 4 TIRES & GET ALLIGNMENT AT 1/2 PRICE
FLAT TYRE REPAIR FREE




**40% off**

ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ
ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ

**Clearance Sale**
*Limited Quantity

On All Seasons & Winter Tires
(Auplus & Comforser)

**215/70R16**
COMFORSER
Reg: ~~$155.00~~
Now : $70.00



**235/65R17**
COMFORSER
Reg: ~~$220.00~~
Now : $95.00



**245/65R17**
COMFORSER
Reg: ~~$240.00~~
Now : $100.00



**215/70R15**
GOOD YEAR INTEGRITY
Reg: ~~$120.00~~
Now : $90.00



**SALE**

**Comforser**
Size: 205/60/16
Reg Price: ~~$110~~
Sale Price : $55



**Auplus**
Size: 205/60/16
Reg Price: ~~$125~~
Sale Price : $65

**Cell: 778-322-1610, Tel: 604-592-2667** #106-13112-84th Ave.,Surrey

---

SARDAR JI
CATERING

ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ
(India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

**#1 Services On Your Special Events**

# SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ
ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

## ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: **Off:206-517-4444, Cell:206-771-5079**

6417 Roosevelt Way NE #105, Seattle WA 98115 Email:sardarjicatering@gmail.com

ਹੁੰਮਹੁਮਾ ਕੇ ਪਹੁੰਚੋ ਖੁੱਲ੍ਹਾ ਸੱਦਾ

# 13th Children Summer Sports Camp - 2023

# 13ਵਾਂ ਬੱਚਿਆਂ ਦਾ ਖੇਡ ਕੈਂਪ - 2023

## *8th July, Saturday*



Dedicated to
Late Bahadar Singh
Social Worker of Seattle

## *Wilson Play Fields Kent WA. 13028 SE. 251st. Kent, WA - 98030*

**8 ਜੁਲਾਈ, ਸ਼ਨਿਚਰਵਾਰ ਸ਼ਾਮ 5 ਵਜੇ ਅਰਦਾਸ ਕਰਕੇ ਸ਼ੁੱਭ ਆਰੰਭ**

*ਕੋਈ ਫੀਸ ਨਹੀਂ, ਸਗੋਂ ਸਪੋਰਟਸ ਕਿੱਟ ਦੀ ਹਰੇਕ ਸਾਲ ਸੰਧੂ ਤੇ ਕਾਹਲੋਂ ਵੱਲੋਂ ਮੁਫਤ ਸੇਵਾ ਕੀਤੀ ਜਾ ਰਹੀ ਹੈ।*

ਮਨਜੀਤ ਸਿੰਘ ਦੀ ਇੰਸ਼ੋਰੈਂਸ ਵੱਲੋਂ ਹਰੇਕ ਸਾਲ ਫ੍ਰੀ ਇੰਸ਼ੋਰੈਂਸ ਦੀ ਸੇਵਾ ਕੀਤੀ ਜਾਂਦੀ ਹੈ।

ਦਾਨੀਆਂ ਵੱਲੋਂ ਮੁਫਤ ਗੀਫਰੈਸ਼ਮੈਂਟ ਦੀ ਸੇਵਾ ਕੀਤੀ ਜਾਂਦੀ ਹੈ।

ਬਜ਼ੁਰਗਾਂ ਲਈ ਸੈਰ ਤੇ ਯੋਗਾ 6 ਤੋਂ 7 ਵਜੇ ਤੱਕ

*Every Saturday & Sunday 5-7 AM*

ਸਤਿਕਾਰਯੋਗ ਜੀਓ, ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਪਿਛਲੇ 12 ਸਾਲ ਤੋਂ ਬੱਚਿਆਂ ਦਾ ਖੇਡ ਕੈਂਪ ਲਗਾ ਕੇ ਬੱਚਿਆਂ ਨੂੰ ਤੰਦਰੁਸਤ ਮਨੋਰੰਜਨ ਦੇ ਕੇ ਸਰੀਰਕ ਫਿਟਨੈੱਸ ਦੀ ਟ੍ਰੇਨਿੰਗ ਤੇ ਵੱਖ-ਵੱਖ ਖੇਡਾਂ ਵਿਚ ਕੋਚਿੰਗ ਮੁਹੱਈਆ ਕਰਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਸੱਭਿਆਚਾਰ ਤੇ ਖੇਡਾਂ ਨਾਲ ਜੋੜਨ ਦੀ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਸਾਲ 8 ਜੁਲਾਈ, ਦਿਨ ਸ਼ਨਿੱਚਰਵਾਰ, 5 ਵਜੇ ਬੱਚਿਆਂ ਦੀ ਤੰਦਰੁਸਤੀ ਲਈ ਅਤੇ ਸੱਟ-ਫੇਟ ਤੋਂ ਬਚਾਅ ਲਈ ਅਰਦਾਸ ਕਰਕੇ ਬੱਚਿਆਂ ਦੇ ਖੇਡ-ਕੈਂਪ ਦਾ ਸ਼ੁੱਭ ਆਰੰਭ ਕੀਤਾ ਜਾ ਰਿਹਾ ਹੈ। ਆਪਣੇ ਬੱਚਿਆਂ ਨੂੰ ਕੈਂਪ ਦਾ ਹਿੱਸਾ ਬਣਨ ਲਈ ਖੁੱਲ੍ਹਾ ਸੱਦਾ।





ਪਿਛਲੇ ਸਾਲਾਂ ਦੇ ਖੇਡ ਕੈਂਪ ਦੀਆਂ ਝਲਕੀਆਂ।



ਫੁਲਕਾਰੀ ਤੀਆਂ ਦੇ ਮੇਲੇ ਦੀਆਂ ਪ੍ਰਬੰਧਕਾਂ ਸਨਮਾਨਿਤ।



ਪੰਜਾਬੀ ਭਾਈਚਾਰੇ ਵੱਲੋਂ ਵਾਸ਼ਿੰਗਟਨ ਸਟੇਟ ਦੇ ਗਵਰਨਰ ਦਾ ਸਨਮਾਨ।



ਹਾਜ਼ਰ ਪੰਜਾਬੀ ਭਾਈਚਾਰੇ ਦੇ ਲੋਕ।




ਪੰਜਾਬੀ ਭਾਈਚਾਰੇ ਦੀ ਮਾਣ-ਮੱਤੀਆਂ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ।




ਸਿਆਟਲ ਫੁਲਕਾਰੀ ਤੀਆਂ ਦੇ ਮੇਲੇ ਦੀ ਤਿਆਰੀ ਕਰਦੀਆਂ ਪ੍ਰਬੰਧਕਾਂ।

**ਸਵਾਗਤ ਕਰਤਾ : Sikhs of Seattle**

ਸਿਆਟਲ ਦੇ ਨੌਜਵਾਨਾਂ ਵੱਲੋਂ ਸਹਿਯੋਗ ਦੇਣ ਵਾਸਤੇ ਉਪਰਾਲਾ

ਹੋਰ ਜਾਣਕਾਰੀ ਲਈ ਸੰਪਰਕ ਕਰੋ
ਗੁਰਚਰਨ ਸਿੰਘ ਢਿੱਲੋਂ:
206-412-1559
gsdhillon51@gmail.com



Designed By Punjab Mail USA

# ਗੁਰੂ ਨਾਨਕ ਦਰਬਾਰ ਸਿੱਖ ਸੁਸਾਇਟੀ ਪ੍ਰਿੰਸ ਜੌਰਜ

**GURU NANAK DARBAR SIKH SOCIETY (P.G.)**

*4298 DAVIS ROAD, PRINCE GEORGE, BC V2N 5L2* **TEL: 250-906-0011**

## ਨਗਰ ਕੀਰਤਨ 2023

20 ਮਈ ਦਿਨ ਸ਼ਨੀਵਾਰ ਨੂੰ



20 ਮਈ ਦਿਨ ਸ਼ਨੀਵਾਰ ਨੂੰ

**ਗੁਰੂ ਨਾਨਕ ਦਰਬਾਰ ਸਿੱਖ ਸੁਸਾਇਟੀ ਪ੍ਰਿੰਸ ਜਾਰਜ ਤੁਹਾਨੂੰ ਹਾਜਰੀਆਂ ਭਰਨ ਲਈ ਨਿੱਘਾ ਸੱਦਾ ਦਿੰਦੀ ਹੈ**

## ਖਾਲਸਾ ਸਾਜਨਾ ਦਿਵਸ ਵਿਸਾਖੀ ਪਰੇਡ

### 20 ਮਈ 2023 ਦਿਨ ਸ਼ਨਿਚਰਵਾਰ ਨੂੰ

ਖਾਲਸਾ ਸਾਜਨਾ ਦਿਵਸ ਵਿਸਾਖੀ ਲਈ ਪ੍ਰਿੰਸ ਜਾਰਜ ਦੀ ਸਿੱਖ ਕੌਮ ਵਲੋਂ ਸਭ ਨੂੰ ਸੱਦਾ ਦਿੰਦੇ ਹਾਂ ਕਿ ਇਸ ਸਾਲ ਨਗਰ ਕੀਰਤਨ 2023 ਵਿਚ ਸ਼ਾਮਲ ਹੋ ਕੇ ਵਿਸਾਖੀ ਦੀਆਂ ਖੁਸ਼ੀਆਂ ਮਨਾਉ।

## ਪ੍ਰੋਗਰਾਮ

ਆਰੰਭ ਸ੍ਰੀ ਅਖੰਡਪਾਠ ਸਾਹਿਬ
18 ਮਈ ਦਿਨ ਵੀਰਵਾਰ ਸਵੇਰੇ 7:00 ਵਜੇ
ਭੋਗ ਸ੍ਰੀ ਅਖੰਡਪਾਠ ਸਾਹਿਬ
20 ਮਈ ਦਿਨ ਸ਼ਨਿਚਰਵਾਰ ਸਵੇਰੇ 7:00 ਵਜੇ
ਉਪਰੰਤ 7 ਵਜੇ ਤੋਂ 9.30 ਵਜੇ ਤੱਕ ਦੀਵਾਨ ਸਜਣਗੇ
ਨਗਰ ਕੀਰਤਨ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ

ਨਗਰ ਕੀਰਤਨ ਦਾ ਆਰੰਭ ਸਿੱਖ ਗੁਰਦੁਆਰਾ ਸਾਹਿਬ ਤੋਂ 10 ਵਜੇ ਹੋਵੇਗਾ ਅਤੇ ਫਿਰ ਨਗਰ ਕੀਰਤਨ ਉਸਪਿਕਾ ਬੁਲੇਵਾਰਡ ਵੱਲ ਹੁੰਦਾਂ ਹੋਇਆ ਸੀ ਐਨ ਸੈਂਟਰ ਤੱਕ 12.30 ਵਜੇ ਪਹੁੰਚ ਕੇ ਇਸ ਤਿਉਹਾਰ ਦੀਆਂ ਖੁਸ਼ੀਆਂ ਮਨਾਈਆਂ ਜਾਣਗੀਆਂ ਫਿਰ ਨਗਰ ਕੀਰਤਨ ਆਪਣਾ ਸਫਰ ਉਸਪਿਕਾ ਬੁਲੇਵਾਰਡ ਵੱਲ ਵਾਪਸ ਪਰਤਦੇ ਹੋਏ ਗੁਰਦੁਆਰਾ ਸਾਹਿਬ ਵਾਪਸ 3.30 ਵਜੇ ਦੇ ਕਰੀਬ ਪਹੁੰਚੇਗਾ ਗੁਰੂ ਕੇ ਲੰਗਰ ਨਗਰ ਕੀਰਤਨ ਦੌਰਾਨ ਚਲਦੇ ਰਹਿਣਗੇ

**ਜਾਰੀ ਕਰਤਾ -**

ਜਸਵੰਤ ਸਿੰਘ ਕੰਦੋਲਾ (ਪ੍ਰਧਾਨ): 250-981-5853
ਜਸਪਾਲ ਸਿੰਘ ਬਿਲਿੰਗ: 778-890-0228
ਹਰਦੀਪ ਸਿੰਘ ਮੱਲ੍ਹੀ: 250-981-3614

## ਗੁਰੂ ਨਾਨਕ ਦਰਬਾਰ ਪ੍ਰਬੰਧਕ ਕਮੇਟੀ ਪ੍ਰਿੰਸ ਜੌਰਜ

ਫੋਨ: 250-906-0011

# ਖ਼ਾਲਿਸਤਾਨ ਕਮਾਂਡੋ ਫ਼ੋਰਸ ਦੇ ਜਰਨੈਲ ਸ਼ਹੀਦ ਪਰਮਜੀਤ ਸਿੰਘ ਪੰਜਵੜ ਦੇ ਭੋਗ ਅਤੇ ਅਰਦਾਸ ਸਮਾਗਮ 'ਚ ਪੁੱਜੀਆਂ ਹਜ਼ਾਰਾਂ ਸੰਗਤਾਂ:ਪੰਜਵੜ ਦੀ ਸ਼ਹਾਦਤ ਅਤੇ ਪਰਿਵਾਰ ਦੀ ਕੁਰਬਾਨੀ ਨੂੰ ਕੀਤਾ ਸਿਜਦਾ:ਪੰਥਕ ਆਗੂ

ਅੰਮ੍ਰਿਤਸਰ:ਵੀਹਵੀਂ ਸਦੀ ਦੇ ਮਹਾਨ ਸਿੱਖ, ਜਰਨੈਲਾਂ ਦੇ ਜਰਨੈਲ ਅਤੇ ਦਮਦਮੀ ਟਕਸਾਲ ਦੇ ਚੌਦ੍ਹਵੇਂ ਮੁਖੀ ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਆਰੰਭੇ ਖ਼ਾਲਿਸਤਾਨ ਦੇ ਹਥਿਆਰਬੰਦ ਸੰਘਰਸ਼ ਵਿੱਚ ਮਹਾਨ ਯੋਗਦਾਨ ਪਾਉਣ ਵਾਲੇ ਖ਼ਾਲਿਸਤਾਨ ਕਮਾਂਡੋ ਫ਼ੋਰਸ ਦੇ ਮੁਖੀ ਜਰਨੈਲ ਭਾਈ ਪਰਮਜੀਤ ਸਿੰਘ ਪੰਜਵੜ ਜੋ ਪਿਛਲੇ ਦਿਨੀਂ 6 ਮਈ 2023 ਨੂੰ ਪਾਕਿਸਤਾਨ ਦੇ ਲਾਹੌਰ ਵਿੱਚ ਪੰਥ ਦੇ ਦੁਸ਼ਮਣਾਂ ਵੱਲੋਂ ਧੋਖੇ ਨਾਲ ਮਾਰੀਆਂ ਗੋਲੀਆਂ ਕਾਰਨ ਸ਼ਹਾਦਤ ਪ੍ਰਾਪਤ ਕਰ ਗਏ ਸਨ। ਉਹਨਾਂ ਦੇ ਨਮਿੱਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਅਤੇ ਅਰਦਾਸ ਸਮਾਗਮ ਗੁ. ਸ਼ਹੀਦਾਂ, ਪਿੰਡ ਪੰਜਵੜ, ਨੇੜੇ ਝਬਾਲ, ਜ਼ਿਲ੍ਹਾ ਤਰਨ ਤਾਰਨ ਵਿਖੇ ਪਾਏ ਗਏ ਜਿੱਥੇ ਹਜ਼ਾਰਾਂ ਸੰਗਤਾਂ ਨੇ ਪੁੱਜ ਕੇ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਨੂੰ ਸ਼ਰਧਾਂਜਲੀ ਅਤੇ ਸਤਿਕਾਰ ਭੇਟ ਕੀਤਾ।

ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਸੀਨੀਅਰ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ ਵੱਲੋਂ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਨੂੰ ਸ਼ਰਧਾਂਜਲੀ ਅਰਪਣ ਕਰਦਿਆਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ੇ ਜ਼ਿੰਦਾਬਾਦ, ਸ਼ਹੀਦ ਭਾਈ ਅਮਰੀਕ ਸਿੰਘ ਜ਼ਿੰਦਾਬਾਦ, ਖ਼ਾਲਿਸਤਾਨ ਜ਼ਿੰਦਾਬਾਦ, ਖ਼ਾਲਿਸਤਾਨ ਕਮਾਂਡੋ ਫ਼ੋਰਸ ਜ਼ਿੰਦਾਬਾਦ ਅਤੇ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਅਮਰ ਰਹੇ ਦੇ ਨਾਅਰੇ ਵੀ ਲਾਏ ਗਏ।

ਭਾਈ ਦਲਜੀਤ ਸਿੰਘ ਬਿੱਟੂ ਨੇ ਕਿਹਾ ਕਿ ਪਰਮਜੀਤ ਸਿੰਘ ਪੰਜਵੜ ਦਾ ਕਤਲ ਏਜੰਸੀਆਂ ਦੁਆਰਾ ਯੋਜਨਾਬੱਧ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਮੌਜੂਦਾ ਹਿੰਦੂ ਸੋਚ ਵਾਲੀ ਸਰਕਾਰ ਸਿੱਖ ਪੰਥ ਨੂੰ ਲਗਾਤਾਰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਪ੍ਰੋ. ਬਲਜਿੰਦਰ ਸਿੰਘ ਮੈਂਬਰ ਜਗਤਾਰ ਸਿੰਘ ਹਵਾਰਾ ਕਮੇਟੀ ਨੇ ਕਿਹਾ ਕਿ ਪਰਮਜੀਤ ਸਿੰਘ ਪੰਜਵੜ ਦਾ ਨਾਂ ਨਸ਼ੇ ਦੇ ਵਪਾਰੀਆਂ ਨਾਲ ਜੋੜਨਾ ਏਜੰਸੀਆਂ ਦੀ ਪਰਮਜੀਤ ਸਿੰਘ ਪੰਜਵੜ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਹੈ।

ਭਾਈ ਧਿਆਨ ਸਿੰਘ ਮੰਡ ਨੇ ਕਿਹਾ ਸਿੱਖ ਕੌਮ ਨੂੰ ਪਰਮਜੀਤ ਸਿੰਘ ਪੰਜਵੜ ਦੀ ਕੁਰਬਾਨੀ ਤੋਂ ਸਿੱਖਣਾ ਚਾਹੀਦਾ ਹੈ। ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਪਰਮਜੀਤ ਸਿੰਘ ਪੰਜਵੜ ਦੇ ਭਰਾ ਬਲਦੇਵ ਸਿੰਘ ਨੇ ਕਿਹਾ ਕਿ ਪਰਮਜੀਤ ਸਿੰਘ ਪੰਜਵੜ ਦੀ ਸ਼ਹਾਦਤ ਪਿੱਛੇ ਏਜੰਸੀਆਂ ਦਾ ਹੱਥ ਹੈ। ਕਿਹਾ ਕਿ ਮੇਰੀ ਸਿੱਖ ਕੌਮ ਨੂੰ ਅਪੀਲ ਹੈ ਕਿ ਗੁਰੂ ਸਾਹਿਬ ਦੀ ਮਰਿਆਦਾ ਦਾ ਅਪਮਾਨ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਮੌਕੇ 'ਤੇ ਹੀ ਸਖ਼ਤ ਸਜ਼ਾ ਦਿੱਤੀ ਜਾਵੇ।ਉਨ੍ਹਾਂ ਇਹ ਵੀ ਕਿਹਾ ਕਿ ਅਸੀਂ ਯੂ.ਐਨ.ਓ ਤੋਂ ਮੰਗ ਕਰਦੇ ਹਾਂ ਕਿ ਪਰਮਜੀਤ ਸਿੰਘ ਪੰਜਵੜ ਦੀ ਮੌਤ ਦੀ ਡੂੰਘਾਈ ਨਾਲ ਜਾਂਚ ਕਰਵਾਈ ਜਾਵੇ।

ਪੰਥਕ ਆਗੂ ਸਾਹਿਬਾਨਾਂ ਨੇ ਕਿਹਾ ਕਿ ਕੌਮੀ ਘਰ ਖ਼ਾਲਿਸਤਾਨ ਦੀ ਆਜ਼ਾਦੀ ਲਈ ਸੰਘਰਸ਼ ਕਰਨਾ ਹੀ ਸ਼ਹੀਦਾਂ ਨੂੰ ਸੱਚੀ-ਸੁੱਚੀ ਸ਼ਰਧਾਂਜਲੀ ਹੈ। ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਗੁਰੀਲਾ ਯੁੱਧਨੀਤੀ ਦੇ ਮਹਾਂਨਾਇਕ ਅਤੇ ਖ਼ਾਲਿਸਤਾਨੀ ਸੰਘਰਸ਼ ਦੇ ਥੰਮ੍ਹ ਸਨ। ਉਹਨਾਂ ਦੇ ਮਾਤਾ ਜੀ ਅਤੇ ਭਰਾ ਨੂੰ ਵੀ ਪੁਲਿਸ ਨੇ ਸ਼ਹੀਦ ਕਰ ਦਿੱਤਾ ਸੀ ਤੇ ਬਾਕੀ ਤਿੰਨੇ ਭਰਾਵਾਂ ਅਤੇ ਪਰਿਵਾਰ ਨੇ ਬੇਤਾਹਾਸ਼ਾ ਜ਼ੁਲਮ-ਤਸ਼ੱਦਦ ਝੱਲਿਆ ਹੈ ਪਰ ਹਕੂਮਤ ਦੀ ਈਨ ਨਹੀਂ ਮੰਨੀ ਤੇ ਅਠਾਰ੍ਹਵੀਂ ਸਦੀ ਦੇ ਪੁਰਾਤਨ ਸਿੰਘਾਂ ਵਾਂਗ ਸਿੱਖੀ ਸਿਦਕ ਅਤੇ ਸਿਰੜ ਨਿਭਾਇਆ ਹੈ।

ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਦੀ ਸ਼ਹਾਦਤ ਸਮੇਤ ਸਮੁੱਚੇ ਪਰਿਵਾਰ ਦੀ ਕੁਰਬਾਨੀ ਅਤੇ ਦ੍ਰਿੜ੍ਹਤਾ ਅੱਗੇ ਸਾਡਾ ਸਿਰ ਝੁਕਦਾ ਹੈ। ਇਸ ਸਮਾਗਮ ਚ ਪਰਮਜੀਤ ਸਿੰਘ ਪੰਜਵੜ ਦੀ ਪੱਗ ਜੋ ਉਹਨਾਂ ਦੇ ਪੁੱਤਰ ਨੂੰ ਦਿੱਤੀ ਜਾਣੀ ਸੀ, ਉਹਨਾਂ ਦੇ ਭਰਾ ਬਲਦੇਵ ਸਿੰਘ ਨੂੰ ਦਿੱਤੀ ਗਈ।

ਇਸ ਸਮਾਗਮ ਦੌਰਾਨ ਬਾਬਾ ਗੁਰਬਚਨ ਸਿੰਘ ਸੁਰ ਸਿੰਘ ਵਾਲੇ,ਐਡਵੋਕੇਟ ਜਗਜੀਤ ਸਿੰਘ ਰੰਧਾਵਾ ਕਾਨੂੰਨੀ ਸਲਾਹਕਾਰ ਖਾਲੜਾ ਮਿਸ਼ਨ ਕਮੇਟੀ ਨਰਾਇਣ ਸਿੰਘ ਚੌੜਾ, ਬਲਵਿੰਦਰ ਸਿੰਘ ਝਬਾਲ ਚੇਅਰਮੈਨ ਖਾਲੜਾ ਮਿਸ਼ਨ ਕਮੇਟੀ,ਸਤਨਾਮ ਸਿੰਘ ਮਨਾਵਾ, ਪ੍ਰੋ: ਬਲਜਿੰਦਰ ਸਿੰਘ,ਦਲਜੀਤ ਸਿੰਘ ਬਿੱਟੂ, ਸਤਨਾਮ ਸਿੰਘ ਖੰਡਾ, ਸਤਨਾਮ ਸਿੰਘ ਝੰਜੀਆਂ,ਬਾਬਾ ਦਰਸ਼ਨ ਸਿੰਘ, ਭਾਈ ਧਿਆਨ ਸਿੰਘ ਮੰਡ , ਬਾਬਾ ਨਿਸ਼ਾਨ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ,ਹਰਪਾਲ ਸਿੰਘ ਚੀਮਾ ਸਰਗਰਮ ਮੈਂਬਰ ਦਲ ਖਾਲਸਾ, ਬੀਬੀ ਸੰਦੀਪ ਕੌਰ, ਦਿਲਬਾਗ ਸਿੰਘ ਸੁਲਤਾਨਵਿੰਡ ਤੇ ਹੋਰ ਵੀ ਬਹੁਤ ਸਾਰੇ ਆਗੂਆਂ ਨੇ ਵਿਸ਼ੇਸ਼ ਹਾਜ਼ਰੀ ਭਰੀ।

ਸੰਗਤਾਂ ਨੂੰ ਸੰਬੋਧਨ ਕਰਦਿਆਂ ਨਰੈਣ ਸਿੰਘ ਚੌੜਾ ਨੇ ਕਿਹਾ ਕਿ ਪਰਮਜੀਤ ਸਿੰਘ ਪੰਜਵੜ ਮਹਾਨ ਸ਼ਹੀਦ ਸਨ ਅਤੇ ਉਹਨਾਂ ਨੇ ਆਪਣਾ ਸਾਰਾ ਜੀਵਨ ਸਿੱਖ ਕੌਮ ਅਤੇ ਸਿਧਾਂਤਾਂ ਦੀ ਖਾਤਰ ਕੁਰਬਾਨ ਕਰ ਦਿੱਤਾ।



# ਕਬਾਇਲੀ ਵਿਅਕਤੀ ਦੀ ਕੁੱਟ ਕੁੱਟ ਕੇ ਹੱਤਿਆ

ਕੇਰਲਾ:-ਕੇਰਲ ਦੇ ਮੱਲਾਪੁਰਮ ਜ਼ਿਲ੍ਹੇ ਵਿੱਚ ਭੀੜ ਨੇ ਇੱਕ ਕਬਾਇਲੀ ਵਿਅਕਤੀ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ। ਦਿ ਨਿਊਜ਼ ਮਿੰਟ ਦੇ ਅਨੁਸਾਰ, ਪੁਲਿਸ ਨੇ ਕਿਹਾ ਕਿ ਇਹ ਘਟਨਾ ਸ਼ਨੀਵਾਰ ਨੂੰ ਵਾਪਰੀ, ਜਦੋਂ ਬਿਹਾਰ ਤੋਂ ਆਏ 36 ਸਾਲਾ ਆਦਿਵਾਸੀ ਵਿਅਕਤੀ ਨੂੰ ਸਥਾਨਕ ਲੋਕਾਂ ਨੇ ਚੋਰੀ ਦੇ ਸ਼ੱਕ ਵਿੱਚ ਬੁਰੀ ਤਰ੍ਹਾਂ ਕੁੱਟਿਆ। ਇਸ ਮਾਮਲੇ ਵਿੱਚ ਅੱਠ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।




TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

ਦੇਗ ਤੇਗ ਫ਼ਤਿਹ

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

ਪੰਥ ਕੀ ਜੀਤ

www.akalisinghgurdwara.ca

19 ਮਈ, ਦਿਨ ਸ਼ੁੱਕਰਵਾਰ.......ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
20 ਮਈ, ਦਿਨ ਸ਼ਨਿੱਚਰਵਾਰ....ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
20 ਮਈ, ਦਿਨ ਸ਼ਨਿੱਚਰਵਾਰ....ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਸੁੱਚਾ ਸਿੰਘ ਮਾਨ ਅਤੇ ਪਰਿਵਾਰ ਵਲੋਂ ਹੋਵੇਗੀ।
20 ਮਈ, ਦਿਨ ਸ਼ਨਿੱਚਰਵਾਰ....ਸ਼ਾਮ ਨੂੰ ਨੰਬਰ 2 ਦਰਬਾਰ ਹਾਲ ਵਿੱਚ ਲੰਗਰ ਦੀ ਸੇਵਾ ਭਾਈ ਮਾਨ ਸਿੰਘ ਘੱਗ ਅਤੇ ਪਰਿਵਾਰ ਵਲੋਂ ਹੋਵੇਗੀ।
21 ਮਈ, ਦਿਨ ਐਤਵਾਰ........ਸਵੇਰ ਦੇ ਲੰਗਰ ਦੀ ਸੇਵਾ ਬੀਬੀ ਮਨਜੀਤ ਕੌਰ ਭਾਰਜ ਅਤੇ ਪਰਿਵਾਰ ਵਲੋਂ ਹੋਵੇਗੀ।
26 ਮਈ, ਦਿਨ ਸ਼ੁੱਕਰਵਾਰ.......ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
27 ਮਈ, ਦਿਨ ਸ਼ਨਿੱਚਰਵਾਰ....ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
27 ਮਈ, ਦਿਨ ਸ਼ਨਿੱਚਰਵਾਰ....ਸ਼ਾਮ ਨੂੰ ਲੰਗਰ ਦੀ ਸੇਵਾ ਬੀਬੀ ਰੁਮੀਕਾ ਅਤੇ ਪਰਿਵਾਰ ਵਲੋਂ ਹੋਵੇਗੀ।
28 ਮਈ, ਦਿਨ ਐਤਵਾਰ........ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾਵੇਗਾ।
28 ਮਈ, ਦਿਨ ਐਤਵਾਰ........ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਅਰਜਨ ਸਿੰਘ ਕੰਦੋਲਾ ਅਤੇ ਪਰਿਵਾਰ ਵਲੋਂ ਹੋਵੇਗੀ।
28 ਮਈ, ਦਿਨ ਐਤਵਾਰ........ਸ਼ਾਮ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਇੰਦਰਜੀਤ ਸਿੰਘ ਜੱਸਲ ਅਤੇ ਪਰਿਵਾਰ ਵਲੋਂ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਵਿਰਸੇ ਵਲਟੋਹੇ ਦੀ ਬਣਾਈ ਰੇਲ

## ਰਾਘਵ ਚੱਡਾ ਦੀ ਮੰਗਣੀ ਦੇ ਪ੍ਰੋਗਰਾਮ ਵਿਚ ਸ਼ਾਮਲ ਹੋਣ ਦੇ ਬਹਾਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਨੂੰ ਘਰ ਤੋਰਨ ਦੀਆਂ ਤਿਆਰੀਆਂ...?



ਅੰਮ੍ਰਿਤਸਰ- ਕੀ ਅਕਾਲੀ ਦਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਘਰ ਤੋਰਣ ਦੀ ਤਿਆਰੀ ਕਰ ਰਿਹਾ ਹੈ । ਇਹ ਸਵਾਲ ਪੰਥਕ ਗਲਿਅਰਿਆਂ ਵਿਚ ਗੂੰਜ ਰਿਹਾ ਹੈ। ਦਰਅਸਲ ਅਕਾਲੀ ਦਲ ਜਥੇਦਾਰ ਨੂੰ ਫਤਹਿ ਬੁਲਾਉਣ ਲਈ ਬਹਾਨਾ ਲਭ ਰਿਹਾ ਹੈ ਤੇ ਬੀਤੇ ਦਿਨੀ ਜਥੇਦਾਰ ਦਾ ਰਾਜ ਸਭਾ ਮੈਂਬਰ ਰਾਘਵ ਚੱਡਾ ਦੀ ਮੰਗਣੀ ਦੇ ਪ੍ਰੋਗਰਾਮ ਵਿਚ ਸ਼ਾਮਲ ਹੋਣ ਨੂੰ ਬਜਰ ਗੁਨਾਹ ਮੰਨਿਆ ਜਾ ਰਿਹਾ ਹੈ।ਜਥੇਦਾਰ ਦੇ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਣ ਦੇ ਵਿਰੋਧ ਕਰਦਾ ਇਕ ਟਵੀਟ ਸਭ ਤੋ ਪਹਿਲਾਂ ਮਾਝੇ ਦੇ ਇਕ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨੇ ਕੀਤਾ। ਜਿਸ ਤੋ ਬਾਅਦ ਟਰੋਲ ਸੈਨਾ ਨੇ ਜਥੇਦਾਰ ਦੇ ਖਿਲਾਫ ਪੂਰਾ ਬਿਰਤਾਂਤ ਸਿਰਜ ਦਿੱਤਾ।ਟਰੋਲ ਸੈਨਾ ਨੇ ਜਥੇਦਾਰ ਦਾ ਗੈਰ ਸਿੱਖ ਦੇ ਸਮਾਗਮ ਵਿਚ ਸ਼ਾਮਲ ਹੋਣ ਤੋ ਲੈ ਕੇ ਤਰਾਂ ਤਰਾਂ ਦੀਆਂ ਵੀਡੀਓ ਤੇ ਪੋਸਟਾਂ ਪਾ ਕੇ ਜਥੇਦਾਰ ਦੀ ਵਿਰੋਧਤਾ ਸ਼ੁਰੂ ਕਰ ਦਿੱਤੀ।ਵੱਖ ਵੱਖ ਜਾਅਲੀ ਨਾਵਾਂ ਤੇ ਬਣੇ ਫੇਸਬੁੱਕ ਅਕਾਉਟ ਜਥੇਦਾਰ ਦੇ ਖਿਲਾਫ ਪੂਰੀ ਸਰਗਰਮੀ ਨਾਲ ਕੰਮ ਕਰਨ ਲਗੇ।ਆਪਣੇ ਟਵੀਟ ਵਿਚ ਸ੍ਰ ਵਲਟੋਹਾ ਨੇ ਲਿਖਿਆ ਕਿ ਇਕ ਨਿਮਾਣੇ ਸਿੱਖ ਵਾਂਗ ਮੇਰੇ ਮਨ ਨੂੰ ਭਾਰੀ ਦੁਖ ਲੱਗਾ।ਪੰਥ ਦਾ ਗੁਰੂ ਰਾਖਾ।ਜਥੇਦਾਰ ਦੇ ਹੱਕ ਵਿਚ ਬੋਲਣ ਵਾਲਿਆਂ ਨੇ ਵੀ ਸ੍ਰ. ਵਲਟੋਹਾ ਦੀਆਂ ਗੱਲਾਂ ਦਾ ਕਰਾਰਾ ਜਵਾਬ ਦਿੱਤਾ। ਸ੍ਰ ਵਲਟੋਹਾ ਵੱਲ ਸਵਾਲਾਂ ਦੀ ਝੜੀ ਲਗ ਗਈ ਕਿ ਕੀ ਜਿਸ ਦਿਨ ਜਸਪਾਲ ਸਿੰਘ ਨਾਮਕ ਨੌਜਵਾਨ ਨੂੰ ਤੁਹਾਡੀ ਸਰਕਾਰ ਦੇ ਕਾਰਜਕਾਲ ਦੌਰਾਨ ਗੋਲੀ ਮਾਰ ਕੇ ਸ਼ਹੀਦ ਕੀਤਾ ਗਿਆ ਸੀ ਉਸ ਦਿਨ ਤੁਹਾਡੇ ਮਨ ਨੂੰ ਠੇਸ ਕਿਉਂ ਨਹੀਂ ਲੱਗੀ। ਜਿਸ ਦਿਨ ਲੁਧਿਆਣਾ ਵਿੱਚ ਦਰਸ਼ਨ ਸਿੰਘ ਨਾਮਕ ਸਿੰਘ ਨੂੰ ਗੋਲੀ ਮਾਰ ਕੇ ਸਿੰਘ ਸ਼ਹੀਦ ਕੀਤਾ ਗਿਆ ਉਸ ਦਿਨ ਤੁਹਾਡੀ ਜ਼ਮੀਰ ਕਿਉਂ ਨਹੀਂ ਜਾਗੀ। ਜਿਸ ਦਿਨ ਸਿਰਸਾ ਡੇਰਾ ਮੁਖੀ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਪੋਸ਼ਾਕ ਵਰਗੀ ਪੋਸ਼ਾਕ ਪਾਂ ਕੇ ਅੰਮ੍ਰਿਤ ਤਿਆਰ ਕਰਨ ਨੂੰ ਸਵਾਂਗ ਬਣਾਇਆ ਉਸ ਦਿਨ ਤੁਹਾਡੇ ਮਨ ਨੂੰ ਠੇਸ ਕਿਉਂ ਨਹੀਂ ਲੱਗੀ। ਭਾਈ ਕਮਲਜੀਤ ਸਿੰਘ ਦੀ ਸ਼ਹਾਦਤ ਮੌਕੇ ਠੇਸ ਕਿਉਂ ਨਹੀਂ ਲੱਗੀ। ਜਿਸ ਦਿਨ ਸਰਕਾਰੀ ਆਦੇਸ਼ ਮੁਤਾਬਿਕ ਡੇਰਾ ਸਿਰਸਾ ਮੁਖੀ ਨੂੰ ਬਿਨਾਂ ਮੰਗੇ ਮੁਆਫੀ ਦੇ ਦਿੱਤੀ ਗਈ ਉਸ ਦਿਨ ਵੀ ਤੁਹਾਡੇ ਮਨ ਨੂੰ ਠੇਸ ਨਹੀਂ ਪੁਜੀ। ਬਰਗਾੜੀ, ਬੇਹਬਲਕਲਾ ਅਤੇ ਕੋਟਕਪੂਰਾ ਕਾਂਡ ਵਾਪਰੇ ਮਜ਼ਾਲ ਹੈ ਤੁਹਾਡੇ ਮਨ ਨੂੰ ਠੇਸ ਪੁੱਜੀ ਹੋਵੇ।15 ਸਾਲ ਅਕਾਲੀ ਦਲ ਦੀ ਸਰਕਾਰ ਨੇ ਪੰਜਾਬ ਵਿਚ ਰਾਜ ਕੀਤਾ ਤੇ ਤੁਸੀਂ ਸੱਤਾ ਦਾਸੁੱਖ ਮਾਣਿਆ।

ਅਕਾਲੀ ਦਲ ਦੀ ਸਰਕਾਰ ਭਾਰਤੀ ਜਨਤਾ ਪਾਰਟੀ ਦੀ ਮਦਦ ਨਾਲ ਬਣਦੀ ਰਹੀ। ਭਾਰਤੀ ਜਨਤਾ ਪਾਰਟੀ ਨੇ ਹਮੇਸ਼ਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਬਾਰੇ ਬੇਹਦ ਭੈੜੀ ਸ਼ਬਦਾਵਲੀ ਵਰਤੀ ਤੁਹਾਡੇ ਮਨ ਨੂੰ ਕਦੀ ਵੀ ਠੇਸ ਨਹੀਂ ਪੁੱਜੀ।

ਤੁਸੀ ਸੰਤਾਂ ਦੇ ਉਪਾਸ਼ਕ ਹੋ ਜਾਂ ਸੰਤਾ ਦੇ ਇਹ ਸ਼ੱਪਸ਼ਟ ਕਰੋ।ਜਿਸ ਦਿਨ ਸਿੱਖ ਨੌਜਵਾਨਾਂ ਦੇ ਕਾਤਲ ਸੁਮੇਧ ਸੈਣੀ ਨੂੰ ਡੀ ਜੀ ਪੀ ਲਗਾਇਆ ਗਿਆ ਸੀ ਉਸ ਦਿਨ ਇਹ ਨਿਮਾਣਾ ਸਿੱਖ ਕਿੱਥੇ ਸੀ?







# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

## ਇਸ ਹਫਤੇ ਦੇ ਪ੍ਰੋਗਰਾਮ



ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਛੋਟਾ ਘੱਲੂਘਾਰਾ ਦਿਵਸ ਮਨਾਇਆ ਜਾਵੇਗਾ ਅਤੇ ਨਗਰ ਸੂਸਾਂ ਦੀ ਸੰਗਤ, ਇਲਾਕਾ ਨਿਵਾਸੀ ਨਗਰ ਲੋਹੀਆਂ ਦੀ ਸੰਗਤ ਵੱਲੋਂ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ।

ਇਹ ਅਖੰਡਪਾਠ ਸਾਹਿਬ 19 ਮਈ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 21 ਮਈ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ।

*20 ਮਈ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 3 ਪਰਿਵਾਰਾਂ ਵੱਲੋਂ ਹੋਵੇਗੀ:

1. ਭਾਈ ਮਨਿੰਦਰ ਸਿੰਘ 2. ਭਾਈ ਸੁਖਵਿੰਦਰ ਸਿੰਘ ਟਿਵਾਣਾ ਪਰਿਵਾਰ ਵੱਲੋਂ ਆਪਣੀ ਬੇਟੀ ਗੁਰਲੀਨ ਕੌਰ ਟਿਵਾਣਾ ਦੇ ਜਨਮ ਦਿਨ ਦੀ ਖੁਸ਼ੀ ਵਿਚ

3. ਭਾਈ ਜਗਦੀਪ ਸਿੰਘ ਗਰੇਵਾਲ ਪਰਿਵਾਰ ਵੱਲੋਂ ਆਪਣੀ ਬੱਚੀ ਮੇਹਰ ਕੌਰ ਗਰੇਵਾਲ ਦੇ ਜਨਮ ਦਿਨ ਦੀ ਖੁਸ਼ੀ ਵਿਚ

*21 ਮਈ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਹਰਦੀਪ ਸਿੰਘ ਢੇਸੀ ਪਰਿਵਾਰ ਵੱਲੋਂ ਹੋਵੇਗੀ।

*23 ਮਈ ਦਿਨ ਮੰਗਲਵਾਰ ਹਾਕਮ ਸਿੰਘ ਧਾਲੀਵਾਲ ਦਾ ਅੰਤਮ ਸਸਕਾਰ ਰਿਵਰਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਸਵੇਰੇ 10 ਵਜੇ ਹੋਵੇਗਾ, ਉਪਰੰਤ ਉਹਨਾਂ ਨਮਿਤ ਗੁਰੂਘਰ ਵਿਖੇ ਰਖਾਏ ਗਏ ਸਹਿਜਪਾਠ ਦੇ ਭੋਗ ਤੇ ਅੰਤਮ ਅਰਦਾਸ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਕੀਰਤਨੀ ਜਥੇ:ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਭਾਈ ਹਰਭਜਨ ਸਿੰਘ ਜਲੰਧਰ ਵਾਲਿਆਂ ਦਾ ਜਥਾ ਕਥਾਵਾਚਕ:ਭਾਈ ਨਛੱਤਰ ਸਿੰਘ ਭਾਂਬੜੀ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**

**ਫੋਨ:604-590-3232, 604-590-3224**

# ਕਵੀਸ਼ਰ ਭਾਈ ਨਿਸ਼ਾਨ ਸਿੰਘ ਝਬਾਲ ਦੀ ਲਿਖੀ ਕਿਤਾਬ 'ਆਸ਼ਕ ਅਜ਼ਾਦੀ ਦੇ' ਅਕਾਲ ਤਖ਼ਤ ਸਾਹਿਬ ਵਿਖੇ ਸ਼ਹੀਦਾਂ ਦੇ ਪਰਿਵਾਰਾਂ ਤੇ ਪੰਥਕ ਆਗੂਆਂ ਵੱਲੋਂ ਰਿਲੀਜ਼

## *ਸ਼ਹੀਦਾਂ ਦਾ ਇਤਿਹਾਸ ਲਿਖਣਾ ਸ਼ਲਾਘਾਯੋਗ ਕਾਰਜ:ਭਾਈ ਰਣਜੀਤ ਸਿੰਘ*

ਅੰਮ੍ਰਿਤਸਰ: ਪੰਥ ਪ੍ਰਸਿੱਧ ਕਵੀਸ਼ਰ ਭਾਈ ਨਿਸ਼ਾਨ ਸਿੰਘ ਝਬਾਲ ਵੱਲੋਂ ਲਿਖੀ ਆਸ਼ਕ ਅਜ਼ਾਦੀ ਦੇ ਕਿਤਾਬ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਹੀਦ ਜਨਰਲ ਸ਼ਬੇਗ ਸਿੰਘ ਦੇ ਭਰਾ ਭਾਈ ਬੇਅੰਤ ਸਿੰਘ, ਸ਼ਹੀਦ ਬਲਜਿੰਦਰ ਸਿੰਘ ਰਾਜੂ ਦੇ ਮਾਤਾ ਬੀਬੀ ਸੁਰਜੀਤ ਕੌਰ, ਸ਼ਹੀਦ ਪਰਮਜੀਤ ਸਿੰਘ ਤੁਗਲਵਾਲ ਦੀ ਸੁਪਤਨੀ ਬੀਬੀ ਕੁਲਵਿੰਦਰ ਕੌਰ, ਖ਼ਾਲਿਸਤਾਨੀ ਚਿੰਤਕ ਭਾਈ ਸਰਬਜੀਤ ਸਿੰਘ ਘੁਮਾਣ, ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਭਾਈ ਬਲਵੰਤ ਸਿੰਘ ਗੋਪਾਲਾ ਅਤੇ ਭਾਈ ਭੁਪਿੰਦਰ ਸਿੰਘ ਛੇ ਜੂਨ ਵੱਲੋਂ ਖ਼ਾਲਸਾਈ ਜੈਕਾਰਿਆਂ ਦੀ ਗੂੰਜ ਵਿੱਚ ਰਿਲੀਜ਼ ਕੀਤੀ ਗਈ। ਇਸ ਮੌਕੇ ਫ਼ੈਡਰੇਸ਼ਨ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ 240 ਪੰਨਿਆਂ ਦੀ



ਛਪੀ ਇਸ ਕਿਤਾਬ 'ਚ ਸ਼ਹੀਦ ਜਨਰਲ ਸ਼ਬੇਗ ਸਿੰਘ, ਸ਼ਹੀਦ ਸਤਵੰਤ ਸਿੰਘ, ਸ਼ਹੀਦ ਬੇਅੰਤ ਸਿੰਘ, ਸ਼ਹੀਦ ਕਸ਼ਮੀਰ ਸਿੰਘ ਸ਼ੀਰਾ ਪੱਟੀ, ਸ਼ਹੀਦ ਕਾਰਜ ਸਿੰਘ ਥਾਂਦੇ, ਸ਼ਹੀਦ ਸੁਰਜੀਤ ਸਿੰਘ ਵਲਟੋਹਾ, ਸੱਚਖੰਡਵਾਸੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਅਤੇ ਸੰਤ ਬਾਬਾ ਠਾਕੁਰ ਸਿੰਘ ਜੀ ਦੀਆਂ ਜੀਵਨੀਆਂ ਪ੍ਰਸੰਗ ਅਤੇ ਵਾਰਾਂ ਸਮੇਤ ਛਾਪੀਆਂ ਗਈਆਂ ਹਨ। ਇਹ ਕਿਤਾਬ ਅਦਾਰਾ ਖ਼ਾਲਸਾ ਫਤਹਿਨਾਮਾ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਉਹਨਾਂ ਦੱਸਿਆ ਕਿ ਕਵੀਸ਼ਰ ਭਾਈ ਨਿਸ਼ਾਨ ਸਿੰਘ ਝਬਾਲ ਇਸ ਸਮੇਂ ਕੈਨੇਡਾ ਪ੍ਰਚਾਰ ਦੌਰੇ 'ਤੇ ਹਨ ਤੇ ਕੁਝ ਦਿਨਾਂ ਤੱਕ ਇਹ ਕਿਤਾਬ ਕੈਨੇਡਾ 'ਚ ਵੀ ਜਾਰੀ ਹੋਵੇਗੀ।

ਸ਼ਹੀਦ ਕਸ਼ਮੀਰ ਸਿੰਘ ਸ਼ੀਰਾ ਦੇ ਭਤੀਜੇ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਪੁਰਾਤਨ ਸਿੱਖ ਇਤਿਹਾਸ ਨੂੰ ਤਾਂ ਅਨੇਕਾਂ ਢਾਡੀ ਅਤੇ ਕਵੀਸ਼ਰੀ ਜਥੇ ਗਾਉਂਦੇ ਹਨ ਪਰ ਮੌਜੂਦਾ ਸੰਘਰਸ਼ ਬਾਰੇ ਕੋਈ ਵਿਰਲਾ ਜਥਾ ਹੀ ਬੋਲਣ ਦੀ ਹਿੰਮਤ ਕਰਦਾ ਹੈ। ਭਾਈ ਨਿਸ਼ਾਨ ਸਿੰਘ ਝਬਾਲ ਅਤੇ ਭਾਈ ਸਤਨਾਮ ਸਿੰਘ ਸੱਤਾ ਦਾ ਨਾਂ ਉਹਨਾਂ ਗੁਰਸਿੱਖਾਂ ਦੀ ਕਤਾਰ 'ਚ ਮੋਹਰੀ ਹੈ ਜੋ ਹਰੇਕ ਸਟੇਜ 'ਤੇ ਨਿਧੜਕ ਹੋ ਕੇ ਖ਼ਾਲਿਸਤਾਨੀ ਜਰਨੈਲਾਂ ਤੇ ਯੋਧਿਆਂ ਦਾ ਇਤਿਹਾਸ ਸੰਗਤਾਂ ਨੂੰ ਸ੍ਰਵਣ ਕਰਵਾਉਂਦੇ ਹਨ ਤੇ ਹੁਣ ਉਹਨਾਂ ਨੇ ਸ਼ਹੀਦਾਂ ਦੇ ਜੀਵਨ ਤੇ ਵਾਰਾਂ ਨੂੰ ਕਲਮਬੰਦ ਕਰਨ ਦਾ ਉਪਰਾਲਾ ਵੀ ਕਰ ਦਿੱਤਾ ਹੈ ਜਿਸ ਦੀ ਅਸੀਂ ਭਰਪੂਰ ਸ਼ਲਾਘਾ ਕਰਦੇ ਹਾਂ। ਇਸ ਮੌਕੇ ਫ਼ੈਡਰੇਸ਼ਨ ਦੇ ਗਗਨਦੀਪ ਸਿੰਘ ਸੁਲਤਾਨਵਿੰਡ, ਮਨਪ੍ਰੀਤ ਸਿੰਘ ਮੰਨਾ, ਪੀਂਘਾਂ ਸੋਚ ਦੀਆਂ ਦੇ ਪ੍ਰਧਾਨ ਰਸ਼ਪਿੰਦਰ ਕੌਰ ਗਿੱਲ, ਸੁਖਵਿੰਦਰ ਸਿੰਘ ਨਿਜ਼ਾਮਪੁਰ ਆਦਿ ਹਾਜ਼ਰ ਸਨ।

# ਲਾਸ਼ਾਂ ਦੇ ਢੇਰ

ਜਿਓਂਦੀਆਂ ਲਾਸ਼ਾਂ, ਤੁਰੀਆਂ ਫਿਰਦੀਆਂ ਲਾਸ਼ਾਂ, ਬੋਲਦੀਆਂ ਲਾਸ਼ਾਂ, ਖਾਂਦੀਆਂ ਹਗਦੀਆਂ ਲਾਸ਼ਾਂ, ਪੰਜਾਮੀਆਂ ਵਾਲੀਆਂ ਲਾਸ਼ਾਂ, ਟਾਈਆਂ ਕੋਟਾਂ ਵਾਲੀਆਂ ਲਾਸ਼ਾਂ, ਜਰਵਾਣਿਆਂ ਦੇ ਮਰਿਆਂ ਦੇ ਕਸੀਦੇ ਪੜਦੀਆਂ ਲਾਸ਼ਾਂ, ਝੂਠਾਂ ਦੇ ਊਠ ਲੱਦ ਦੀਆਂ ਲਾਸ਼ਾਂ।ਬਾਬਾ ਜੀ ਗਲ ਹੀ ਸਚ ਤੋਂ ਸ਼ੁਰੂ ਕਰਦੇ ਪਰ ਲਾਸ਼ਾਂ ਓਸੇ ਸਚ ਦੇ ਸਾਹਵੇਂ ਬੈਠ ਝੂਠਾਂ ਦਾ ਭੰਡਪੁਣਾ ਕਰ ਰਹੀਆਂ ਹੁੰਦੀਆਂ। ਜਰਵਾਣਿਆਂ ਨੂੰ ਪੰਥ ਰਤਨਾਂ ਦੇ ਤਾਜ ਦੇ ਰਹੀਆਂ ਹੁੰਦੀਆਂ।ਰਾਘਵ ਚਡਾ ਦੀ ਮੰਗਣੀ ਉਪਰ ਸੋ ਕਾਲਡ ਜਥੇਦਾਰ ਇਓਂ ਦੌੜਿਆ ਜਾ ਰਿਹਾ ਸੀ ਜਿਵੇਂ ਸਿਹੇ ਮਗਰ ਕੁਤਾ ਭਜਦਾ।

ਤੁਸੀਂ ਦੁਖੀ ਹੋ ਸਕਦੇਂ ਕਿ ਸਿਹੇ ਮਗਰ ਵਾਲੀ ਉਦਾਰਣ ਗੈਰ ਇਖਲਾਕੀ ਹੈ, ਨੀਵੀਂ ਸ਼ਬਦਾਵਲੀ ਹੈ ਪਰ ਲਾਸ਼ਾਂ ਨੂੰ ਤੁਸੀਂ ਕਹਿ ਵੀ ਕੀ ਸਕਦੇਂ ਹੋਰ।

ਬਾਬੇ ਸਾਡੇ ਜਰਵਾਣਿਆਂ ਨੂੰ ਰਾਜੇ ਸ਼ੀਂਹ ਮੁਕਦਮ ਕੁਤੇ ਕਹਿੰਦੇ ਤਾਂ ਸ਼ੀਹਾਂ ਦੇ ਮੁਕਦਮ ਕੁਤੇ ਕਿਵੇਂ ਨਹੀ ਜਿਹੜੇ ਬਾਦਲਾਂ ਦੇ ਵੀ ਕੀਰਨੇ ਪਾਓਂਦੇ ਦੇਖੇ ਗਏ ਅਤੇ ਚਡਿਆਂ ਦੇ ਵੀ ਤੂਰੇ ਫਿਰ ਰਹੇ ਨੇ। ਸੌਦੇ ਵਰਗੇ ਨੂੰ ਵੀ ਮਾਫੀਆਂ ਦੀਆਂ ਰਿਓੜੀਆਂ ਵੰਡਦੇ ਰਹੇ ਨੇ ਓਹ ਵੀ ਬਿਨਾ ਮੰਗੇ। ਭੋਰਾ ਔਕਾਤ ਹੋਵੇ ਇਨਾ ਦੀ ਤਾਂ ਦਸੋ। ਲਤ ਮਾਰੋ ਤਾਂ ਪਟਾ ਪਾਇਆ ਕੁਤਾ ਵੀ ਹਾਲੇ ਟੰਗਾਂ ਨੂੰ ਪੈ ਨਿਕਲਦਾ ਪਰ ਇਹ?

ਆਮ ਸਿਖਾਂ ਨੂੰ ਖੁਦ ਗੋਲੀਆਂ ਮਾਰਨੀਆਂ ਪੈਣ ਲਗ ਪਈਆਂ ਗੁਰੂ ਘਰਾਂ ਵਿਚ ਗੰਦ ਪਾਓਂਣ ਵਾਲਿਆਂ ਨੂੰ। ਇਹਨਾ ਕਦੇ ਕਿਹਾ ਹੋਵੇ ਕਿ ਠੋਕ ਦਿਓ ਅਸੀਂ ਲੜਾਂਗੇ ਕੇਸ ਓਨਾ ਸਿਖਾਂ ਦੇ।

ਕੀਰਨੇ ਪਾਓਣ ਵਰਗੇ ਮੂੰਹ ਬਣਾ ਬਣਾ ਰਾਗ ਸੁਣਾਓਂਣ ਵਾਲਾ ਕੋਈ ਬੋਲਦਾ ਦਿਸਿਆ ਤਾਂ। ਉਲਟਾ ਰੰਗੀਲੇ ਧੁੰਮੇ ਵਰਗੇ ਜਰਵਾਣਿਆਂ ਦੇ ਲੰਮੇ ਰਾਜ ਦੀਆਂ ਅਰਦਾਸਾਂ ਕਰਦੇ ਅਤੇ ਕਰਨ ਨੂੰ ਨਹੀ ਕਹਿੰਦੇ ਰਹੇ ਤਾਂ ਦਸੋ। ਕਰਾਓਂਣਾ ਕੀ ਇਨਾ ਤੋਂ। ਇਨਾ ਦੇ ਕੀਰਤਨਾਂ ਕਿਹੜੀ ਭਓਜਲ ਦੀ ਗਡੀ ਚਾਹੜਨਾ ਤੁਹਾਨੂੰ। ਕਿਓਂ ਇਨਾ ਲਾਸ਼ਾਂ ਦਾ ਭਾਰ ਢੋਹਦੀਂ ਮਰਨ ਕਿਨਾਰੇ ਹੋਈ ਪਈ ਕੌਮ ਮੇਰੀ। ਭੰਗ ਪੀਣਿਆਂ ਲਾਸ਼ਾਂ ਦਾ ਭਾਰ ਚੁਕੀ ਫਿਰਨ ਵਾਲੇ ਹੀ ਦਸ ਦੇਣ ਕਿ 84 ਵੇਲੇ ਕੋਈ ਖੜਿਆ ਹੋਵੇ ਤੁਹਾਡੇ ਨਾਲ। ਏਅਰਪੋਟਾਂ ਤੇ ਬੈਂਡ ਵਾਜਿਆਂ ਨਾਲ ਇਨਾ ਨੂੰ ਲੈ ਕੇ ਆਓਂਣ ਵਾਲੇ ਹੀ ਦਸ ਦੇਣ ਕਿਹੜਾ ਚਿਤੌੜ ਫਤਹਿ ਕਰਕੇ ਗਏ ਹੁੰਦੇ ਸਿਵਾਏ ਨਜਾਇਜ ਕਬਜਿਆਂ ਅਤੇ ਭੰਗਾਂ ਪੀਣ ਤੋਂ।

ਡੇਰਿਆਂ ਵਿਚਲੀਆਂ ਚਿਟੀਆਂ ਲਾਸ਼ਾਂ ਕਿਸੇ ਕੌਮੀ ਮਸਲੇ ਤੇ ਬੋਲਦੀਆਂ ਸੁਣੀਆਂ ਹੋਣ। ਬਾਂਦਰੀ ਦੇ ਮਰੇ ਬਚੇ ਨੂੰ ਗਲ ਲਾਈ ਫਿਰਨ ਤਰਾਂ ਕਿਓਂ ਕੌਮ ਮੇਰੀ ਇਨਾ ਨੂੰ ਗਲੋਂ ਨਹੀ ਲਾਹੁੰਦੀ। ਕਿਓਂ ਇਨਾ ਦੀ ਮਕਾਣੇ ਜਾਣੋ ਨਹੀ ਹਟਦੀ ਜਿਹੜੇ ਸਮੇ ਦੇ ਹਰੇਕ ਜਰਵਾਣੇ ਨਾਲ ਲਿਹਾਜ ਪਾਲਦੇ ਅਤੇ ਡੇਰਿਆਂ ਤੇ ਸਦ ਸਦ ਸਨਮਾਨਤ ਕਰਦੇ।

ਗੁਰੂ ਨਾਨਕ ਸਾਹਿਬ ਜਦ ਮੱਕੇ ਗਏ ਤਾਂ ਹੋਰ ਬਚਨਾ ਤੋਂ ਇਲਾਵਾ ਇਹ ਬਚਨ ਵੀ ਹੋਇਆ ਕਿ ਕਾਜੀਓ ਜਰਵਾਣੇ ਬਾਦਸ਼ਾਹਾਂ ਨੂੰ ਤੁਸੀਂ ਇਥੋਂ ਸਨਮਾਨਤ ਕਰਕੇ ਜੁਲਮ ਨੂੰ ਬੜਾਵਾ ਦੇਣੋ ਬੰਦ ਕਰੋ। ਓਹ ਇਥੋਂ ਥਾਪੜਾ ਲੈ ਕੇ ਹੋਰ ਵਧੇਰੇ ਲੁਕਾਈ ਦਾ ਲਹੂ ਪੀਂਦੇ ਨੇ। ਪਰ ਆਹਾ ਤੁਹਾਡੇ ਵਾਲੇ ਮੁਲਾਣੇ ਓਸੇ ਗੁਰਾਂ ਦੇ ਫਲਸਫੇ ਦੇ ਠੇਕੇਦਾਰ ਬਣੇ ਹੋਏ ਜਰਵਾਣਿਆਂ ਨੂੰ ਸਨਮਾਨਤ ਹੀ ਨਹੀ ਕਰਦੇ ਬਲਕਿ ਫਖਰੇ ਕੌਮਾਂ ਨਾਲ ਨਿਵਾਜਦੇ ਰਹੇ ਨੇ।

ਕਦੇ ਜਾਪਦਾ ਨਹੀ ਪੰਜਾਬ ਬਦਬੂ ਮਾਰਨ ਲਗ ਗਿਆ ਇਨਾ ਤਰਕ ਚੁਕੀਆਂ ਲਾਸ਼ਾਂ ਕਾਰਨ ਜਿਥੇ ਹਰੇਕ ਜਣਾ ਖਣਾ ਮਸ਼ਹੂਰ ਹੋਣ ਖਾਤਰ ਜਾਂ ਕਿਸੇ ਸ਼ਾਜਿਸ਼ ਤਹਿਤ ਗੁਰਾਂ ਦੀ ਬਾਣੀ ਨੂੰ ਇਓਂ ਹਥ ਜਾ ਪਾਓਂਦਾ ਜਿਵੇ ਇਸ ਦਾ ਕੋਈ ਵਾਲੀ ਵਾਰਸ ਹੀ ਨਾ ਹੋਵੇ ਪਰ ਲਾਸ਼ਾਂ ਸਭ ਚੁਪ। ਕੋਈ ਲਾਸ਼ ਸੜਕਾਂ ਤੇ ਨਿਕਲੀ ਹੋਵੇ ਤਾਂ।

**–ਗੁਰਦੇਵ ਸਿੰਘ ਸੱਧੇਵਾਲੀਆ**

# ਅਮਰੀਕੀ ਹੋਲੋਕਾਸਟ ਮਿਊਜ਼ੀਅਮ ਭਾਰਤ ਨੂੰ 'ਜਨਤਕ ਹੱਤਿਆ ਦਾ ਸ਼ਿਕਾਰ' ਦੇਸ਼ ਮੰਨਦਾ ਹੈ

ਵਾਸ਼ਿੰਗਟਨ:ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦੌਰੇ ਤੋਂ ਇਕ ਮਹੀਨਾ ਪਹਿਲਾਂ ਅਮਰੀਕੀ ਵਿਦੇਸ਼ ਵਿਭਾਗ ਨੇ ਇਕ ਰਿਪੋਰਟ ਵਿਚ ਭਾਰਤ ਵਿਚ ਘੱਟ ਗਿਣਤੀਆਂ 'ਤੇ ਹਮਲਿਆਂ ਦਾ ਜ਼ਿਕਰ ਕੀਤਾ ਸੀ। ਸਟੇਟ ਡਿਪਾਰਟਮੈਂਟ ਦੁਆਰਾ ਸੰਕਲਿਤ 2022 ਦੀ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਦੀ ਰਿਪੋਰਟ ਵਾਸ਼ਿੰਗਟਨ ਵਿੱਚ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਦੁਆਰਾ ਜਾਰੀ ਕੀਤੀ ਗਈ ਸੀ। ਵਿਭਾਗ ਨੇ ਕਿਹਾ ਕਿ ਅਮਰੀਕੀ ਹੋਲੋਕਾਸਟ ਮਿਊਜ਼ੀਅਮ ਭਾਰਤ ਨੂੰ 'ਜਨਤਕ ਹੱਤਿਆ ਦਾ ਸ਼ਿਕਾਰ' ਦੇਸ਼ ਮੰਨਦਾ ਹੈ। ਬਲਿੰਕਨ ਨੇ ਪੱਤਰਕਾਰਾਂ ਨਾਲ ਗੱਲਬਾਤ ਵਿਚ ਭਾਰਤ ਦੀਆਂ ਘੱਟ ਗਿਣਤੀਆਂ ਦੀ ਸਥਿਤੀ 'ਤੇ ਅਸਧਾਰਨ ਤੌਰ 'ਤੇ ਸਖ਼ਤ ਟਿੱਪਣੀਆਂ ਕੀਤੀਆਂ ਗਈਆਂ ਸਨ। ਵਿਦੇਸ਼ ਵਿਭਾਗ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ, "ਅਸੀਂ ਰਿਪੋਰਟ ਵਿੱਚ ਜੋ ਗੱਲ ਰੇਖਾਂਕਿਤ ਕਰ ਰਹੇ ਹਾਂ ਉਹ ਹੈ ਈਸਾਈ, ਮੁਸਲਿਮ, ਸਿੱਖ, ਹਿੰਦੂ ਦਲਿਤ ਅਤੇ ਆਦਿਵਾਸੀ ਭਾਈਚਾਰਿਆਂ ਸਮੇਤ ਧਾਰਮਿਕ ਭਾਈਚਾਰਿਆਂ ਵਿਰੁੱਧ ਲਗਾਤਾਰ ਨਿਸ਼ਾਨਾ ਬਣਾਇਆ ਗਿਆ। ਮੁਸਲਮਾਨਾਂ ਦੇ ਖਿਲਾਫ ਨਸਲਕੁਸ਼ੀ ਲਈ ਖੁੱਲ੍ਹੀ ਕਾਲ; ਲਿੰਚਿੰਗ ਅਤੇ ਹਿੰਸਾ, ਪੂਜਾ ਸਥਾਨਾਂ 'ਤੇ ਹਮਲੇ, ਘਰਾਂ ਨੂੰ ਢਾਹੁਣਾ ਅਤੇ, ਕੁਝ ਮਾਮਲਿਆਂ ਵਿੱਚ, ਧਾਰਮਿਕ ਘੱਟ ਗਿਣਤੀਆਂ 'ਤੇ ਹਮਲਿਆਂ ਵਿੱਚ ਸ਼ਾਮਲ ਹਿੰਦੂਤਵੀ ਲੋਕਾਂ ਨੂੰ ਸਜ਼ਾ ਨਹੀਂ ਦਿੱਤੀ ਜਾਂਦੀ ਹੈ।ਇਸ ਦੇ ਨਾਲ ਹੀ ਅਸੀਂ ਸਰਕਾਰੀ ਪੱਧਰ 'ਤੇ ਧਾਰਮਿਕ ਪਹਿਰਾਵੇ 'ਤੇ ਪਾਬੰਦੀਆਂ ਲਗਾਤਾਰ ਦੇਖ ਰਹੇ ਹਾਂ।

ATLAS
ANIMAL HOSPITAL
Open 24 Hours 7 Days a Week





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar
& Associates
Tel: 604-301-0300
5696 Fraser St, Vancouver, BC, V5W 2Z4
www.atlasvetsinvancouver.com



# ਗੋਡਿਆਂ ਦੀ ਦਰਦ ਅਤੇ ਹੋਮਿਓਪੈਥੀ

ਆਪਣੀ ਬਣਤਰ ਕਾਰਣ ਮਨੁੱਖ ਦੇ ਗੋਡੇ ਸਿਰਫ਼ ਅੱਗੇ ਜਾਂ ਪਿੱਛੇ ਨੂੰ ਹੀ ਮੁੜ ਸਕਦੇ ਹਨ। ਗੋਡਿਆਂ ਵਿੱਚ ਚੰਦਰਮਾ ਆਕਾਰ ਦੀ ਝਿੱਲੀ ਅਤੇ ਦੋਵਾਂ ਪਾਸੇ ਲਿਗਾਮੈਂਟਸ ਤੋਂ ਇਲਾਵਾ ਅੰਦਰੂਨੀ ਲਿਗਾਮੈਂਟ ਵੀ ਹੁੰਦੀ ਹੈ। ਗੋਡਿਆਂ ਦੀਆਂ ਆਮ ਅਲਾਮਤਾਂ ਵਿੱਚ ਝਟਕਾ ਲੱਗਣਾ, ਖਿਚਾਅ ਅਤੇ ਦਬਾਅ ਪੈਣਾ ਸ਼ਾਮਲ ਹਨ। ਗੋਡੇ ਦੀ ਦਰਦ ਜਾਂ ਤਕਲੀਫ਼ ਠੀਕ ਹੋਣ ਨੂੰ ਲੰਮਾ ਸਮਾਂ ਲੱਗ ਜਾਂਦਾ ਹੈ। ਗੋਡਿਆਂ ਦੇ ਜੋੜਾਂ ਦੀ ਸੋਜਸ਼ ਦੀ ਬਿਮਾਰੀ ਜਿਸ ਵਿੱਚ ਸਾਇਨੋਵਾਈਟੀਜ਼, ਬਰਸਾਈਟੀਜ਼ ਅਤੇ ਰੋਮਾਟੋਇਡ ਅਰਥਰਾਇਟਿਸ ਹੋ ਸਕਦਾ ਹੈ। ਬਾਰ-ਬਾਰ ਹੋਣ ਵਾਲੀ ਘਿਸਾਈ ਕਾਰਣ ਗੋਡਿਆਂ ਦੀ ਆਸਟਿਓਆਰਥਰਾਇਟਿਸ ਦੀ ਬਿਮਾਰੀ ਵੀ ਹੋ ਜਾਂਦੀ ਹੈ। ਇਸ ਬਿਮਾਰੀ ਦੇ ਲੱਛਣਾਂ ਵਿੱਚ ਸ਼ਾਮਲ ਹਨ: ਜੋੜ ਦੀ ਸੋਜਸ਼, ਹੱਡੀਆਂ ਦੀ ਆਪਸ ਵਿੱਚ ਰਗੜ, ਗੋਡੇ ਦੇ ਜੋੜ ਦਾ ਖੜ੍ਹ ਜਾਣਾ ਜਾਂ ਲੌਕ ਹੋ ਜਾਣਾ, ਤੁਰਨ-ਫ਼ਿਰਨ ਵਿੱਚ ਅਸਮਰੱਥ ਹੋਣਾ ਅਤੇ ਗੋਡੇ ਦੇ ਪੱਠਿਆਂ ਦਾ ਨਸ਼ਟ ਹੋਣਾ।

ਗੋਡਿਆਂ ’ਤੇ ਕੋਈ ਸੱਟ ਲੱਗਣ ਕਾਰਣ, ਐਕਸੀਡੈਂਟ ਕਾਰਣ ਜਾਂ ਕੰਮ ’ਤੇ ਗੋਡਿਆਂ ਦੇ ਖ਼ਾਸ ਇਸਤੇਮਾਲ ਕਾਰਣ ਕਈ ਤਰ੍ਹਾਂ ਦੀਆਂ ਤਕਲੀਫ਼ਾਂ ਹੋ ਸਕਦੀਆਂ ਹਨ। ਐਕਸੀਡੈਂਟ ਕਾਰਣ ਹੱਡੀ ਦੀ ਟੁੱਟ-ਭੱਜ ਜਾਂ ਮਨਿਸਕਸ ਅਤੇ ਲਿਗਾਮੈਂਟਸ ਵਿੱਚ ਆਈ ਤਰੇੜ ਕਾਰਣ ਜਿੱਥੇ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਹੁੰਦੀ ਹੈ, ਉੱਥੇ ਹੀ ਪੀੜਤ ਮਨੁੱਖ ਨੂੰ ਇਲਾਜ ਤੋਂ ਬਾਅਦ ਵੀ ਗੋਡਿਆਂ ਦੇ ਦਰਦ ਸੰਬੰਧੀ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਸਤਾਉਂਦੀਆਂ ਰਹਿੰਦੀਆਂ ਹਨ। ਜੇ ਇਨ੍ਹਾਂ ਸਮੱਸਿਆਵਾਂ ਦਾ ਢੁਕਵਾਂ ਇਲਾਜ ਨਾ ਕੀਤਾ ਜਾਵੇ ਤਾਂ ਉਹ ਚਿਰਕਾਲੀ ਬਣਨ ਤੋਂ ਬਾਅਦ ਹੋਰ ਵੀ ਗੰਭੀਰ ਰੂਪ ਲੈ ਸਕਦੀਆਂ ਹਨ। ਇਹ ਜ਼ਰੂਰੀ ਨਹੀਂ ਕਿ ਗੋਡਿਆਂ ਦੀ ਦਰਦਾਂ ਸਿਰਫ਼ ਉਪਰੋਕਤ ਕਾਰਣਾਂ ਨਾਲ ਹੀ ਜੁੜਿਆਂ ਹੋਣ। ਕਿਸੇ ਵਿਅਕਤੀ ਦੀਆਂ ਖਾਣ-ਪੀਣ ਦੀਆਂ ਆਦਤਾਂ, ਕਸਰਤ ਦੀ ਘਾਟ, ਲੋੜ ਨਾਲੋਂ ਜ਼ਿਆਦਾ ਵਜ਼ਨ, ਸਮੁੱਚੀ ਜੀਵਨ-ਸ਼ੈਲੀ ਅਤੇ ਵਧਦੀ ਉਮਰ ਨਾਲ ਸੰਬੰਧਤ ਹੋਰ ਕਈ ਸਮੱਸਿਆਵਾਂ ਵੀ ਗੋਡਿਆਂ ਦੇ ਦਰਦ ਦਾ ਕਾਰਣ ਹੋ ਸਕਦੀਆਂ ਹਨ।

ਸਰੀਰ ਦਾ ਸਾਰਾ ਭਾਰ ਗੋਡਿਆਂ ਅਤੇ ਪੈਰਾਂ ਨੇ ਹੀ ਚੁੱਕਣਾ ਹੁੰਦਾ ਹੈ। ਇਸ ਲਈ ਸਰੀਰ ਦਾ ਆਦਰਸ਼ ਭਾਰ ਗੋਡਿਆਂ ਦੀ ਚੰਗੀ ਸਿਹਤ ਦਾ ਆਧਾਰ ਬਣਦਾ ਹੈ। ਗੋਡਿਆਂ ਦੀਆਂ ਦਰਦਾਂ ਮੌਸਮ ਤੋਂ ਵੀ ਪ੍ਰਭਾਵਿਤ ਹੁੰਦੀਆਂ ਹਨ। ਠੰਢ ਅਤੇ ਸਲ੍ਹਾਬੇ ਦੇ ਮੌਸਮ ਵਿੱਚ ਬੈਰੋਮਿਟਰਕ ਪ੍ਰੈਸ਼ਰ ਘੱਟ ਹੋਣ ਨਾਲ ਇਹ ਦਰਦਾਂ ਵੱਧ ਹੁੰਦੀਆਂ ਹਨ ਅਤੇ ਗਰਮ ਅਤੇ ਖ਼ੁਸ਼ਕ ਮੌਸਮ ਵਿੱਚ ਵੱਧ ਪ੍ਰੈਸ਼ਰ ਕਾਰਣ ਇਹ ਦਰਦਾਂ ਘੱਟ ਹੋ ਜਾਂਦੀਆਂ ਹਨ। ਮਰਦਾਂ ਦੇ ਮੁਕਾਬਲੇ ਔਰਤਾਂ ਨੂੰ ਗੋਡਿਆਂ ਦਾ ਦਰਦ ਹੋਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ। ਉਂਝ ਤਾਂ ਇਹ ਬਿਮਾਰੀ ਕਿਸੇ ਵੀ ਉਮਰ ਵਿੱਚ ਹੋ ਸਕਦੀ ਹੈ ਪਰ ਆਮ ਤੌਰ ’ਤੇ 40-55 ਦੇ ਉਮਰ ਦੇ ਪੜਾਅ ਵਿੱਚ ਇਸ ਦੀ ਸ਼ੁਰੂਆਤ ਹੁੰਦੀ ਵੇਖੀ ਗਈ ਹੈ। ਇਸ ਦੀ ਜਕੜ ਵਿੱਚ ਆਇਆ ਪੀੜਤ ਵਿਅਕਤੀ ਆਪਣੇ ਆਪ ਨੂੰ ਅਪਾਹਜ ਵਾਂਗ ਮਹਿਸੂਸ ਕਰਨ ਲੱਗਦਾ ਹੈ ਅਤੇ ਇਸ ਤਰ੍ਹਾਂ ਸਰੀਰਕ ਪੱਧਰ ਦੀ




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579



ਬਿਮਾਰੀ ਕਾਰਣ ਲੱਛਣਾਂ ਦੀ ਹੋਂਦ ਪੀੜਤ ਵਿਅਕਤੀ ਦੇ ਮਨ ਉੱਤੇ ਵੀ ਭੈੜਾ ਅਸਰ ਕਰਨ ਲੱਗਦੀ ਹੈ। ਪੌੜੀਆਂ ਚੜ੍ਹਨ-ਉੱਤਰਨ ਵਿੱਚ ਮੁਸ਼ਕਲ, ਬਜ਼ਾਰ ਜਾਣ ਵਿੱਚ ਮੁਸ਼ਕਲ, ਤੁਰਨ ਵਿੱਚ ਪਰੇਸ਼ਾਨੀ ਅਤੇ ਥਕਾਵਟ ਦੇ ਅਹਿਸਾਸ ਨੇ ਨਾਲ-ਨਾਲ ਜੀਵਨ ਦੀ ਉੱਤਮਤਾ ਵੀ ਪ੍ਰਭਾਵਿਤ ਹੁੰਦੀ ਹੈ।ਜਿਨ੍ਹਾਂ ਵਿਅਕਤੀਆਂ ਵਿੱਚ ਇਸ ਰੋਗ ਦਾ ਅਸਰ ਗੰਭੀਰ ਰੂਪ ਧਾਰਨ ਕਰ ਜਾਵੇ ਤਾਂ ਇਹ ਮਰੀਜ਼ ਨੂੰ ਅਪੰਗ ਵੀ ਕਰ ਸਕਦਾ ਹੈ।

**ਬਚਾਅ:**

ਮੋਟਾਪਾ ਗੋਡਿਆਂ ਦੀਆਂ ਦਰਦਾਂ ਦਾ ਸਭ ਤੋਂ ਵਡਾ ਕਾਰਣ ਹੈ। ਇਸ ਲਈ ਮੋਟਾਪੇ ਤੋਂ ਬਚੋ। ਜੇ ਤੁਹਾਡਾ ਭਾਰ ਵਧ ਜਾਵੇ ਤਾਂ ਸਹੀ ਕਸਰਤ ਅਤੇ ਸਹੀ ਭੋਜਨ ਰਾਹੀਂ ਇਸ ਨੂੰ ਠੀਕ ਕਰੋ। ਪੁਰਾਣੀ ਕਹਾਵਤ, “ਉੱਠਿਆ ਨਾ ਜਾਵੇ ਤੇ ਫ਼ਿੱਟੇ ਮੂੰਹ ਗੋਡਿਆਂ ਦਾ”, ਵਿੱਚ ਗੋਡਿਆਂ ਨੂੰ ਹੀ ਕਸੂਰਵਾਰ ਠਹਿਰਾਇਆ ਗਿਆ ਹੈ ਪਰ ਅਸਲ ਵਿੱਚ ਕਸੂਰ ਗੋਡਿਆਂ ਦਾ ਨਹੀਂ ਹੁੰਦਾ।

ਲੂਣ ਦੇ ਇਸਤੇਮਾਲ ਉੱਤੇ ਕਾਬੂ ਰੱਖੋ। ਮਿੱਠੇ ਦਾ ਸੇਵਨ ਘਟਾਉਣਾ ਵੀ ਫ਼ਾਇਦੇਮੰਦ ਹੈ। ਐਂਟੀ-ਆਕਸੀਡੈਂਟ ਯੁਕਤ ਕੁਦਰਤੀ ਭੋਜਨ, ਹਰੀਆਂ ਸਬਜ਼ੀਆਂ, ਗਾਜਰਾਂ, ਤਰਾਂ, ਖੀਰਾ, ਗੂੜ੍ਹੇ ਰੰਗਾਂ ਵਾਲੇ ਫਲ, ਜਾਮਣ, ਚੈਰੀ ਆਦਿ, ਭੁੱਜੇ ਦਾਣੇ ਅਤੇ ਛੱਲੀਆਂ, ਸਿਹਤਮੰਦ ਚਰਬੀ ਵਾਲੇ ਭੋਜਨ, ਜਿਵੇਂ ਮੱਛੀ, ਮੂੰਗਫ਼ਲੀ ਅਤੇ ਵੜੇਵਿਆਂ ਦਾ ਤੇਲ ਆਦਿ।

**ਹੋਮਿਓਪੈਥਿਕ ਇਲਾਜ**

ਪ੍ਰਚਲਤ ਇਲਾਜ ਪ੍ਰਣਾਲੀ ਵਾਂਗ ਹੋਮਿਓਪੈਥੀ ਵਿੱਚ ਵੀ ਗੋਡਿਆਂ ਦੀਆਂ ਦਰਦਾਂ ਲਈ ਕਾਰਗਰ ਦਵਾਈਆਂ ਉਪਲਬਧ ਹਨ। ਕੁਝ ਦਵਾਈਆਂ ਜਿਵੇਂ ਬ੍ਰਾਈਓਨਿਆ, ਰੂਟਾ, ਰਸਟੌਕਸ, ਲੀਡਮ-ਪਾਲ, ਲਾਈਕੋਪੋਡੀਅਮ ਆਦਿ ਦਾ ਇਸਤੇਮਾਲ ਲੱਛਣਾਂ ਅਨੁਸਾਰ ਕੀਤਾ ਜਾ ਸਕਦਾ ਹੈ। ਪਰ, ਉਪਰੋਕਤ ਦਿੱਤੀ ਕਿਸੇ ਵੀ ਦਵਾਈ ਦਾ ਇਹ ਮਤਲਬ ਨਹੀਂ ਹੈ ਕਿ ਇਨ੍ਹਾਂ ਨੂੰ ਆਪਣੇ ਆਪ ਹੀ ਲੈ ਲਿਆ ਜਾਵੇ। ਕਿਸੇ ਪ੍ਰੋਫ਼ੈਸ਼ਨਲ ਹੋਮਿਓਪੈਥਿਕ ਡਾਕਟਰ ਦੀ ਮਦਦ ਨਾਲ ਹੀ ਸਹੀ ਹੋਮਿਓਪੈਥਿਕ ਦਵਾਈ ਦੀ ਵਰਤੋਂ ਕਰਨੀ ਚਾਹੀਦੀ ਹੈ। ਹੋਮਿਓਪੈਥ ਆਰ.ਐੱਸ. ਸੈਣੀ ਆਪਣੀ ਕਲੀਨਿਕ ਵਿਖੇ ਅਜਿਹੀਆਂ ਸਮੱਸਿਆਵਾਂ ਨੂੰ ਗਹਿਰਾਈ ਨਾਲ ਸਮਝ ਕੇ ਅਤੇ ਢੁਕਵਾਂ ਵਿਸ਼ਲੇਸ਼ਣ ਕਰਨ ਉਪਰੰਤ ਸਹੀ ਹੋਮਿਓਪੈਥਿਕ ਦਵਾਈ ਦੀ ਚੋਣ ਕਰਦੇ ਹਨ। ਉਹ 1974 ਤੋਂ ਹੋਮਿਓਪੈਥੀ ਦੀ ਐਕਟਿਵ ਪ੍ਰੈਕਟਿਸ ਕਰਦੇ ਆ ਰਹੇ ਹਨ।


ਨਸ਼ਿਆਂ ਤੋਂ ਛੁਟਕਾਰਾ ਪਾਓ

night & day
recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca






ਵੈਨਕੂਵਰ ਦਾ ਸਭ ਤੋਂ ਪਹਿਲਾ
ਪੰਜਾਬੀਆਂ ਦਾ ਜਿਊਲਰੀ ਸਟੋਰ
ਹਾਈ ਕਲਾਸ ਜਿਊਲਰ
ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD & 
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ
ਵਿੱਚ ਮਸ਼ਹੂਰ ਨਾਮ
ਜਿੱਥੋਂ ਤੁਸੀਂ ਮਨਪਸੰਦ ਜਿਊਲਰੀ
ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335




PANORAMA WEST GROUP

# PANORAMA

## WEST GROUP PRESENTS...



Harjit S. Atwal
604-657-1729

RiVERSiDE VIEW

**NOW SELLING**

RIVERSIDE VIEW EMBRACES THE ARCHITECTURAL DESIGNS OF OUR 1 TO 4 BEDROOM TOWNHOMES & DUPLEXES.

**1960SF-2600SF**



www.amayaliving.ca

**Register Now**

LUXURIOUS 1, 2 & 3 Bedrooms Condos & TownHomes

AMAYA LIVING

In Surrey



DOUGLAS GREENLIVING

www.douglasgreenliving.com





DOUGLAS GREEN LIVING EMBRACES THE ARCHITECTURAL DESIGNS OF OUR 1 TO 4 BEDROOM CONDOS AND TOWNHOMES.

www.panoramawesthomes.com

Email:infopanoramawesthomes.com

**Ph:778-885.6700**

#101-15150-56Ave
Surrey, BC V3S 1B8

---

# MBA Conracting Ltd



For Best Excavation Services

**Call:BOBBY ATWAL**

**604-825-9601**

---

## ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਸਾਡੇ ਨਾਲ ਸੰਪਰਕ ਕਰੋ



VIPRAN SANDHU
(Realtor)
PH 604-729-9011



ANEIL ATWAL
(Realtor)
(604) 537-3567

*RESIDENTIAL
*COMMERCIAL
*AGRICULTURAL

Email:vipransandhu@gmail.com
Email:aneilatwal@gmail.com

---

Sharon Atwal
Notary Corporation

11925 80 Ave, Delta, BC V4C 1Y1

Email:S.ATWAL@HOTMAIL.COM

**Ph:604-366-2869**

**NOTARIZATIONS:**

- Certified True Copies
- Travel Consent Letters
- Affidavits, Statutory Declarations
- Letters of Invitation

**REAL ESTATE CONVEYANCING:**

- Sales, Purchases
- Mortgage Refinances
- Manufactured Home Transfers
- Private Mortgages
- Family Transfers

**PERSONAL PLANNING:**

- Wills -
Power of Attorneys



# ਕਾਵਿ ਕਿਆਰੀ

## ਨਰਕਾਂ ਦੇ ਦਰਵਾਜ਼ੇ ਉੱਤੇ

ਨਰਕਾਂ ਦੇ ਦਰਵਾਜ਼ੇ ਉੱਤੇ,
ਜਦੋਂ ਕਿਸੇ ਨੇ ਦਸਤਕ ਦਿੱਤੀ,
ਧਰਮਰਾਜ ਦੇ ਅਰਦਲੀ ਨੇ,
ਖੋਲ੍ਹ ਕੁੰਡਾ ਦਰਿਆਫਤ ਕੀਤੀ।
ਕੀ ਦੇਖੇ ਇੱਕ ਕੁੱਬਾ ਬੁੱਢੜਾ,
ਹੱਥ ਜੋੜ ਲਾਚਾਰ ਖੜ੍ਹਾ ਹੈ,
ਲੱਗਦੈ ਦੂਰੋਂ ਚੱਲ ਕੇ ਆਇਆ,
ਥੱਕ ਟੁੱਟਾ ਪਰੇਸ਼ਾਨ ਬੜਾ ਹੈ।
ਪੁੱਛਿਆ ਬਾਬਾ! ਕਿਹਨੂੰ ਮਿਲਣੈ,
ਕਿਹੜੇ ਕੰਮ ਤੂੰ ਇੱਥੇ ਆਇਆ,
ਕਿਸ ਨੇ ਤੈਨੂੰ ਭੁੱਲ ਭੁਲੇਖੇ,
ਇਸ ਪਾਸੇ ਦਾ ਰਾਹ ਦਿਖਲਾਇਆ?
ਬੋਲਿਆ ਬੁੱਢੜਾ, ਕਾਕਾ ਜੀ,
ਮੈਨੂੰ ਕਿਤੇ ਨਹੀਂ ਮਿਲਦੀ ਢੋਈ,
ਸਵਰਗੀਂ ਵੜਨ ਦੀ ਕੋਸ਼ਿਸ਼ ਵਿੱਚ,
ਮੇਰੇ ਨਾਲ ਕੀ ਕੀ ਨਹੀਂ ਹੋਈ।
ਧੱਕੇ ਮਾਰ ਕੇ ਮੈਨੂੰ ਕੱਢਿਆ,
ਕਹਿੰਦੇ ਤੇਰੀ ਇੱਥੇ ਥਾਂ ਨਹੀਂ,
ਚੰਗੇ ਬੰਦਿਆਂ ਦੀ ਸੂਚੀ ਵਿੱਚ,
ਤੇਰਾ ਕਹਿੰਦੇ ਕੋਈ ਨਾਂ ਨਹੀਂ।
ਬਹੁਤ ਹੀ ਮੈਂ ਦਲੀਲਾਂ ਦਿੱਤੀਆਂ,
ਆਪਣੇ ਸਾਰੇ ਕਾਰੇ ਦੱਸੇ,
ਪਰ ਉਹ ਮੇਰੀਆਂ ਗੱਲਾਂ ਸੁਣ ਕੇ,
ਮਾਰ ਠਹਾਕੇ ਸਾਰੇ ਹੱਸੇ।
ਕਹਿੰਦੇ ਤੇਰੇ ਸਤਾਏ ਹੋਇਆਂ ਨੇ,
ਤੇਰੀਆਂ ਸਾਨੂੰ ਦੱਸੀਆਂ ਕਰਤੂਤਾਂ,
ਨਰਕਾਂ ਵਿੱਚ ਡੇਰੇ ਲਾਏ ਹੋਏ ਨੇ,
ਤੇਰੇ ਵਰਗਿਆਂ ਕਈ ਮਨਹੂਸਾਂ।
ਜਾਹ ਜਾਕੇ ਉਨ੍ਹਾਂ ਨੂੰ ਟੱਕਰ,
ਖੁਸ਼ ਤੂੰ ਉੱਥੇ ਬਹੁਤ ਰਹੇਂਗਾ,
ਆਪਣੇ ਵਰਗੇ ਪਾਪੀਆਂ ਦੇ ਵਿੱਚ,
ਰੱਜ ਤਸੀਹੇ ਖ਼ੂਬ ਜਰੇਂਗਾ।
ਇੰਨੀ ਸੁਣ ਕੇ ਅਰਦਲੀ ਅੰਦਰੋਂ,
ਲੈ ਆਇਆ ਰਜਿਸਟਰ ਮੋਟਾ,
ਪੜ੍ਹ ਪੜ੍ਹ ਕੇ ਬੁੱਢੜੇ ਨੂੰ ਕਹਿੰਦਾ,
ਬਾਬਾ ਤੂੰ ਤਾਂ ਬਹੁਤ ਹੈਂ ਖੋਟਾ।
ਮੱਕਾਰੀਆਂ ਤੇਰੀਆਂ ਬਹੁਤ ਦਰਜ ਨੇ,
ਕਿਹੜੀ ਕਿਹੜੀ ਦੱਸਾਂ ਤੈਨੂੰ,
ਸੌਂਹ ਰੱਬ ਦੀ ਸਭ ਦੱਸਣ ਵਿੱਚ,
ਸ਼ਰਮ ਬਹੁਤ ਹੀ ਆਉਂਦੀ ਮੈਨੂੰ।
ਅਸੀਂ ਤਾਂ ਅੱਗੇ ਹੀ ਸਤੇ ਹੋਏ ਆਂ,
ਤੇਰੇ ਵਰਗੇ ਬਹੁਤਿਆਂ ਹੱਥੋਂ,
ਨਿਤਾ ਪ੍ਰਤੀ ਖਰੂਦ ਨੇ ਕਰਦੇ,
ਰੋਅਬ ਜਮਾਉਂਦੇ ਸਭ 'ਤੇ ਉੱਤੋਂ।
ਕੇ ਪੀ, ਪੀ ਕੇ ਖੌਰੂ ਪਾਵੇ,
ਆਲਮ ਦਾ ਕੀ ਕਰਾਂ ਇਜ਼ਹਾਰ,
ਕੱਠੇ ਹੋ ਕੇ ਸਾਰੇ ਕਰਦੇ,
ਗੁੰਡਾਗਰਦੀ ਸਰੇ ਬਾਜ਼ਾਰ।
ਹੋਰ ਵੀ ਕਈ ਨੇ ਤੇਰੇ ਸਾਥੀ,
ਮੁਕੱਦਮੇਂ ਜਿਨ੍ਹਾਂ 'ਤੇ ਚੱਲ ਰਹੇ ਨੇ,
ਬੇਕਸੂਰਾਂ ਦੀਆਂ ਬੇਅੰਤ ਫਾਈਲਾਂ,
ਸਵਰਗਾਂ ਵਾਲੇ ਘੱਲ ਰਹੇ ਨੇ।
ਸਾਡੇ ਕੋਲੋਂ ਸਾਂਭ ਨਹੀਂ ਹੁੰਦੇ,
ਪਹਿਲਾਂ ਹੀ ਤੇਰੇ ਵਰਗੇ ਪਾਪੀ,
ਘਾਣ ਜਿਨ੍ਹਾਂ ਮਨੁੱਖਤਾ ਦਾ ਕੀਤਾ,
ਮਾਤਲੋਕ ਵਿੱਚ ਦਿਨ 'ਤੇ ਰਾਤੀ।
ਧਰਮਰਾਜ ਦੇ ਪੇਸ਼ ਕਰਨ ਲਈ,
ਸਾਨੂੰ ਡਾਢੀ ਮੁਸ਼ਕਿਲ ਆਉਂਦੀ,
ਪੈਰ ਪੈਰ 'ਤੇ ਅੜਦੇ ਰੋਜ਼ ਹੀ,
ਸਾਡੀ ਤਾਂ ਹੁਣ ਪੇਸ਼ ਨਹੀਂ ਜਾਂਦੀ।
ਤੇਰਾ ਅਤੇ ਬੇਅੰਤੇ ਦਾ ਨਾਂ,
ਲੈਕੇ ਨਿੱਤ ਦਿਨ ਧੌਂਸ ਜਮਾਉਂਦੇ,
ਇੱਥੇ ਵੀ ਰਿਸ਼ਵਤਾਂ ਸਿਫਾਰਸ਼ਾਂ,
ਵਰਤਣ ਦੀਆਂ ਸਕੀਮਾਂ ਲਾਉਂਦੇ।
ਏਸੇ ਲਈ ਹੀ ਧਰਮਰਾਜ ਨੇ,
ਸਾਨੂੰ ਦਿੱਤੀਆਂ ਨੇ ਸਖ਼ਤ ਹਦਾਇਤਾਂ,
ਤੈਨੂੰ ਇੱਥੇ ਵੜਨ ਨਹੀਂ ਦੇਣਾ,
ਭਾਵੇਂ ਕਰੇਂ ਤੂੰ ਲੱਖ ਸ਼ਿਕਾਇਤਾਂ।
ਰੋ ਪਿੱਟ ਭਾਵੇ ਮਿੰਨਤਾਂ ਕਰ ਲੈ,
ਚੱਲਣੀਆਂ ਨਹੀਂ ਮੋਮੋਠਗਣੀਆਂ,
ਮਾਤ ਲੋਕ ਵਾਂਗ ਤੇਰੀਆਂ ਚਾਲਾਂ,
ਇੱਥੇ ਆਕੇ ਨਹੀਂ ਪੁੱਗਣੀਆਂ।
ਤੇਰੀ ਗਤੀ ਹੁਣ ਕਿਤੇ ਨਹੀਂ ਹੋਣੀ,
ਜੂਨਾਂ ਚਾਹੇ ਲੱਖ ਤੂੰ ਘੁੰਮ ਲੈ,
ਲੇਖਾ ਹੈ ਤੇਰਾ ਬਹੁਤ ਹੀ ਲੰਬਾ,
ਮੁੱਕਦੀ ਗੱਲ ਤੂੰ ਸਾਥੋਂ ਸੁਣ ਲੈ।
ਚੱਲ ਤੂੰ ਇੱਥੋਂ ਤੁਰਦਾ ਬਣ ਹੁਣ,
ਸਾਨੂੰ ਕੰਮ ਨੇ ਹੋਰ ਬਥੇਰੇ,
ਤੇਰੇ ਨਾਲ ਅਸੀਂ ਬੁਰੀ ਕਰਾਂਗੇ,
ਜੇ ਮੁੜ ਆਇਆ ਇਸ ਦਰ ਨੇੜੇ।



–ਰਵਿੰਦਰ ਸਿੰਘ ਕੁੰਦਰਾ ਕਵੈਂਟਰੀ ਯੂ ਕੇ

## ਬਚਪਨ

**ਗਿਆਨੀ ਸੰਦੀਪ ਸਿੰਘ ਕਾਲੇਵਾਲ**

ਟੁਰਦਾ ਟੁਰਦਾ ਪਹੁੰਚਿਆ ਮੈਂ ਓਸ ਜਹਾਨੇ
ਪਾਣੀ ਨੂੰ ਮਾਣੀ ਆਖਦਾ ਮੈਂ ਵਿਚ ਜ਼ੁਬਾਨੇ
ਇਕ ਨਈ ਸੌ ਸੌ ਸਿੱਖ ਲਏ ਘੜਨੇ ਬਹਾਨੇ
ਕਰਕੇ ਇੱਲਤ ਸੀ ਲੁਕਦਾ ਵਿਚ ਗੁਸਲਖਾਨੇ
ਗ਼ਮ ਦੀ ਨਾ ਕੋਈ ਧੁੰਦ ਸੀ ਨਾ ਫ਼ਿਕਰ ਨਾ ਫਾਕਾ
ਸਾਂਝ ਸਵੇਰੇ ਬਸ ਇਕ ਹੀ ਖੇਡਣ ਦਾ ਝਾਕਾ
ਭਾਵੇਂ ਬੇਬੇ ਲਾਇਆ ਹੁੰਦਾ ਘਰ ਵਿਚ ਹੀ ਨਾਕਾ
ਦੇਰ ਰਾਤ ਤਕ ਪੈਂਦੀਆਂ ਦਾਦੀ ਦੀਆ ਬਾਤਾਂ
ਰੰਗ ਸੀ ਉਸ ਜਹਾਨ ਦਾ ਸਭ ਰੰਗਾਂ ਤੋਂ ਵਧ ਕੇ
ਰੰਗਾਂ ਦੀ ਨਾ ਕੋਈ ਜਾਚ ਸੀ ਲੀਲਾ ਨੀਲੇ ਨੂੰ ਪੜ੍ਹਕੇ
ਖੇਡ ਖੇਡ ਵਿਚ ਰੇਤ ਦਾ ਫਿਰ ਮਹਿਲ ਬਣਾਉਣਾ
ਬਣਿਆ ਜਿੰਨੇ ਚਾਵਾਂ ਨਾਲ ਓਦਾਂ ਹੀ ਢਾਹੁਣਾ
ਜਿਉਂਦਾ ਉਦੋਂ ਸੀ ਲੱਗਦਾ ਹਰ ਇਕ ਖਿਡੌਣਾ
'ਕਾਲੇਵਾਲ' ਨਈਂ ਜ਼ਿੰਦਗੀ ਵਿਚ ਹੁਣ ਉਹ ਦਿਨ ਆਉਣਾ
ਟੁਰਦਾ ਟੁਰਦਾ ਪਹੁੰਚਿਆ ਮੈਂ ਓਸ ਜਹਾਨੇ
ਪਾਣੀ ਨੂੰ ਮਾਣੀ ਆਖਦਾ ਮੈਂ ਵਿਚ ਜ਼ੁਬਾਨੇ

## ਗ਼ਜ਼ਲ

**ਬਲਵਿੰਦਰ 'ਬਾਲਮ' ਗੁਰਦਾਸਪੁਰ**

ਜਾ ਵੇ, ਜੋ ਕਰਨਾ ਸੀ ਕਰਕੇ ਵੇਖ ਲਿਆ,
ਤੇਰਾ ਇੱਕ ਸਮੁੰਦਰ ਤਰ ਕੇ ਵੇਖ ਲਿਆ।
ਚੰਨ ਸਿਤਾਰੇ ਦੁਸ਼ਮਣ ਬਣ ਕੇ ਹੀ ਟੱਕਰੇ,
ਮੁੱਠੀ ਦੇ ਵਿੱਚ ਸੂਰਜ ਧਰ ਕੇ ਵੇਖ ਲਿਆ।
ਸੁੰਦਰਤਾ ਦੇ ਅੰਦਰ ਕਿੰਨੀ ਕਾਇਰਤਾ,
ਜ਼ਹਿਰ ਖੜੱਪੇ ਸੱਪ ਦਾ ਜਰ ਕੇ ਵੇਖ ਲਿਆ।
ਫਿਰ ਵੀ ਇੱਕ ਸੰਤੁਸ਼ਟੀ ਦੀ ਹੈ ਭਾਲ ਅਜੇ,
ਮਰ ਕੇ, ਜੀ ਕੇ, ਜੀ ਕੇ, ਮਰ ਕੇ ਵੇਖ ਲਿਆ।
ਉਹ ਨਿਰਮੋਹੀ ਫਿਰ ਪੱਥਰ ਦਾ ਪੱਥਰ ਹੈ,
ਅੱਖਾਂ ਵਿੱਚ ਸਮੁੰਦਰ ਤਰ ਕੇ ਵੇਖ ਲਿਆ।
ਏਨੀ ਪਿਆਰੀ ਖੇਡ ਨਤੀਜਾ ਕੁਝ ਵੀ ਨਹੀਂ,
ਜੀਵਨ ਹਰਕੇ, ਜਿੱਤ ਕੇ, ਹਰ ਕੇ ਵੇਖ ਲਿਆ।
ਮਾਰੂਥਲ ਦੀ ਪਿਆਸ ਓਵੇਂ ਦੀ ਓਦਾਂ ਸੀ,
ਇੱਕ ਬੱਦਲ ਨੇ ਸਾਰਾ ਵਰ੍ਹ ਕੇ ਵੇਖ ਲਿਆ।
ਖੁਰ-ਖੁਰ ਕੇ ਅਹਿਸਾਸ ਨਦੀ ਦੀ ਹੋਂਦ ਬਣੇ,
ਟੀਸੀ ਉੱਤੇ ਬਰਫ਼ 'ਚ ਠਰ ਕੇ ਵੇਖ ਲਿਆ।
ਤੂੰ ਕੰਬਖ਼ਤਾ ਦੂਰੀ ਦਾ ਮੁਹਤਾਜ ਰਿਹਾ,
ਫਿਰ ਵੀ ਤੈਨੂੰ ਨਜ਼ਰਾਂ ਭਰ ਕੇ ਵੇਖ ਲਿਆ।
'ਬਾਲਮ' ਕਾਵਿ, ਕਹਾਣੀ, ਗ਼ਜ਼ਲਾਂ, ਨਾਵਲ ਸੀ,
ਤੇਰਾ ਕਮਰਾ ਖ਼ਾਲੀ ਕਰ ਕੇ ਵੇਖ ਲਿਆ

## ਮੁਸਕਰਾ ਰਿਹਾ ਹਾਂ ਮੈਂ...

**ਡਾ. ਜਨਮੀਤ ਸਿੰਘ**

ਦੇਖ, ਹਾਲੇ ਵੀ ਮੁਸਕਰਾ ਰਿਹਾ ਹਾਂ ਮੈਂ,
ਭਾਵੇਂ ਆਪਣੀ ਪੀੜ ਛੁਪਾ ਰਿਹਾ ਹਾਂ ਮੈਂ,
ਪਤਾ ਹੈ ਮੈਨੂੰ ਆਰ-ਪਾਰ ਦੇ ਸੱਚ ਦਾ,
ਪਰ ਸੋਚ, ਫਿਰ ਵੀ ਕਿਵੇਂ ਜੀਅ ਜਾ ਰਿਹਾ ਹਾਂ ਮੈਂ।
ਦਾਅਵਾ ਕਦੀ ਨਹੀਂ ਕੀਤਾ ਮੈਂ ਸੰਪੂਰਨ ਹੋਣ ਦਾ,
ਹਾਂ, ਆਪਣੇ 'ਚੋਂ ਕਮੀਆਂ ਹੋਰ ਮਿਟਾ ਰਿਹਾ ਹਾਂ ਮੈਂ,
ਜੋ ਕੁਝ ਵੀ ਬੁਰਾ ਕੀਤਾ ਹੈ ਮੇਰੀ ਜਾਤ ਨੇ,
ਸ਼ਰਮਿੰਦਾ ਹਾਂ, ਤੇ ਉਸਦਾ ਕਰਜ਼ ਚੁਕਾ ਰਿਹਾ ਹਾਂ ਮੈਂ,
ਲਹੂ ਲੁਹਾਣ ਹਾਂ ਭਾਵੇਂ ਮੈਂ ਹਾਲਾਤ ਨਾਲ ਲੜ ਕੇ,
ਪਰ ਜਿੱਤਣ ਲਈ ਤਾਂ ਪੂਰੀ ਵਾਹ ਲਾ ਰਿਹਾ ਹਾਂ ਮੈਂ,
ਦੁਨੀਆਂ ਵਿੱਚ ਸਾਰੇ ਬੁਰੇ ਜਾਂ ਸਾਰੇ ਚੰਗੇ ਨਹੀਂ ਹੁੰਦੇ,
ਵਕਤ ਨੇ ਸਿਖਾਇਆ ਮੈਨੂੰ, ਤੈਨੂੰ ਸਮਝਾ ਰਿਹਾ ਹਾਂ ਮੈਂ,
ਜਿਸਨੂੰ ਸਤਿਕਾਰਾਂ ਤਾਂ ਉਸ ਦੀ ਸੇਧ ਤੋਂ ਮੈਂ ਸੇਧਤ ਹੋਵਾਂ,
ਜੀਵਾਂ ਏਦਾਂ, ਮਨ ਨੂੰ ਇਹ ਮਨਾ ਰਿਹਾ ਹਾਂ ਮੈਂ,
ਅਹਿਸਾਸ ਏ ਮੈਨੂੰ ਹਰ ਉਚਾਈ ਦੇ ਨਾਲ ਨਿਵਾਣ ਹੈ,
ਰਹਾਂ ਸਮਤੋਲ 'ਚ, ਅਜਿਹਾ ਅਜ਼ਮਾ ਰਿਹਾ ਹਾਂ ਮੈਂ,
ਸਫ਼ਰ-ਏ-ਜ਼ਿੰਦਗੀ 'ਚ ਤੇਰਾ ਸਾਥ ਹੋਵੇ ਤੇ ਤੇਰਾ ਸਾਥ ਦੇਵਾਂ,
ਏਸੇ ਆਸ 'ਚ 'ਮੈਂ' ਨੂੰ ਹੋਂਦ ਵਿੱਚੋਂ ਮਿਟਾ ਰਿਹਾ ਹਾਂ ਮੈਂ,
ਆਸਵੰਦ ਹਾਂ ਮੈਂ ਔਕੜਾਂ ਤੋਂ ਬਾਅਦ ਚੰਗੇਰੇ ਭਵਿੱਖ ਲਈ,
ਏਸੇ ਲਈ ਹੀ ਮੇਰੇ ਦੋਸਤ
ਅਜੇ ਵੀ ਮੁਸਕਰਾ ਰਿਹਾ ਹਾਂ ਮੈਂ।


SINGH THIND & ASSOCIATES
#208, 7110 120 Street, Surrey, BC
"ਆਪਣੇ ਭਾਈਚਾਰੇ ਦਾ ਮਾਣ"
*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ

Civil Litigation
*Contract Disputes
*Construction Disputes
*Debt Collection
*Business Disputes
*Builders Lien

Divorce Cases

Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution

Immigration Law
*Immigration Appeals
*Overseas sponsorships of spouses, dependant children and parents
*Inland sponsorships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits




604.543.3886

SINGH THIND & ASSOCIATES
BARRISTERS & SOLICITORS

# ਹਸਗੁੱਲੇ

ਇੱਕ ਸ਼ਰਾਬੀ ਛੱਤ ਤੋਂ ਹੇਠਾਂ ਡਿੱਗ ਪਿਆ, ਸਭ ਲੋਕ ਭੱਜੇ ਆਏ ਅਤੇ ਪੁੱਛਣ ਲੱਗੇ, ''ਭਰਾ ਕੀ ਹੋਇਆ?''

ਸ਼ਰਾਬੀ, ''ਪਤਾ ਨਹੀਂ ਜੀ, ਮੈਂ ਵੀ ਅਜੇ ਹੇਠਾਂ ਆਇਆ ਹੀ ਹਾਂ।''

*******

ਪੱਪੂ ਆਪਣੀ ਪਤਨੀ ਨਾਲ ਸਟੇਸ਼ਨ ਉੱਤੇ ਟਰੇਨ ਦਾ ਇੰਤਜ਼ਾਰ ਕਰ ਰਿਹਾ ਸੀ, ਉਦੋਂ ਇੱਕ ਗੱਡੀ ਆਈ, ਜਿਸ ਉੱਤੇ ਲਿਖਿਆ ਸੀ 'ਬੌਂਬੇ ਮੇਲ'।

ਪੱਪੂ ਭੱਜ ਕੇ ਟਰੇਨ ਵਿੱਚ ਚੜ੍ਹ ਗਿਆ ਤੇ ਆਪਣੀ ਪਤਨੀ ਨੂੰ ਬੋਲਿਆ, ''ਜਦੋਂ 'ਬੌਂਬੇ ਫੀਮੇਲ' ਆਵੇਗੀ, ਤੂੰ ਉਸ ਵਿੱਚ ਆ ਜਾਵੀਂ।''

*******

ਸਕੂਟਰ ਵਿੱਚ ਤੇਲ ਭਰਾਉਣ ਗਏ ਰਾਜੂ ਨੇ ਉਥੇ ਲਿਖਿਆ ਦੇਖਿਆ, ''ਕਿਰਪਾ ਕਰ ਕੇ ਮੋਬਾਈਲ ਦੀ ਵਰਤੋਂ ਨਾ ਕਰੋ।''

ਰਾਜੂ ਨੇ ਤੁਰੰਤ ਮੋਬਾਈਲ ਕੱਢਿਆ ਤੇ ਸਾਰਿਆਂ ਨੂੰ ਫੋਨ ਕੀਤਾ, ''ਯਾਰ ਕਾਲ ਨਾ ਕਰਨਾ। ਮੈਂ ਪੈਟਰੋਲ ਪੰਪ ਉੱਤੇ ਹਾਂ।''

*******

ਇੱਕ ਬਜ਼ੁਰਗ ਹਰ ਸਾਲ ਆਪਣੀ ਪਤਨੀ ਨਾਲ ਵਿਆਹ ਕਰਦਾ ਸੀ।

ਪੰਡਤ ਜੀ ਨੇ ਕਿਹਾ,''ਤੁਸੀਂ ਅਜਿਹਾ ਕਿਉਂ ਕਰਦੇ ਹੋ?'' ਬਜ਼ੁਰਗ ਨੇ ਕਿਹਾ, ''ਸਿਰਫ ਇੱਕ ਸ਼ਬਦ ਸੁਣਨ ਲਈ..!''

ਪੰਡਤ ਜੀ, ''ਕਿਹੜਾ ਸ਼ਬਦ..?''

ਬਜ਼ੁਰਗ,''ਉਹੀ, ਜਦੋਂ ਤੁਸੀਂ ਕਹਿੰਦੇ ਹੋ, ਮੁੰਡੇ ਨੂੰ ਬੁਲਾਓ।''

*******

ਇੱਕ ਬਾਬਾ ਪ੍ਰਵਚਨ ਕਰਨ ਰਹੇ ਸਨ, 'ਜਿੱਥੇ ਇੱਜਤ ਨਾ ਮਿਲੇ, ਉਥੇ ਕਦੇ ਨਹੀਂ ਜਾਣਾ ਚਾਹੀਦਾ।'

ਮਨੋਜ, 'ਭੱਠੇ ਵਿੱਚ ਪਏ ਅਜਿਹਾ ਪ੍ਰਵਚਨ, ਕੀ ਬੰਦਾ ਸ਼ਾਮ ਨੂੰ ਆਪਣੇ ਘਰ ਵੀ ਨਾ ਜਾਵੇ..?''

*******

ਪੋਸਟਮੈਨ ਨੇ ਦਰਵਾਜ਼ੇ ਦੀ ਘੰਟੀ ਵਜਾਈ।

ਲੜਕਾ ਮੂੰਹ ਵਿੱਚ ਸਿਗਰਟ ਅਤੇ ਹੱਥ ਵਿੱਚ ਬੀਅਰ ਦੀ ਬੋਤਲ ਲੈ ਕੇ ਬਾਹਰ ਆਇਆ..

ਪੋਸਟਮੈਨ, ''ਬੇਟਾ ਪਾਪਾ ਘਰ ਹੈ..

ਮੁੰਡਾ, ''ਮੈਨੂੰ ਵੇਖ ਕੇ ਤੁਹਾਨੂੰ ਲੱਗਦਾ ਹੈ ਕਿ ਪਾਪਾ ਘਰ ਹੋਣਗੇ?

*******

ਰੋਹਿਤ ( ਲੱਕੀ ਨੂੰ) ਯਾਰ ਬੜਾ ਮੁਸ਼ਕਿਲ ਹੈ ਟੀਚਰ ਨਾਲ ਪਿਆਰ ਕਰਨਾ?

ਲੱਕੀ:- ਕਿਉਂ ਕੀ ਹੋ ਗਿਆ?

ਰੋਹਿਤ :-ਇੱਕ ਲਵ ਲੈਟਰ ਭੇਜਿਆ ਤਾਂ ਉਸ ਵਿੱਚ ਹੀ ਅੱਠ ਅੱਠ ਸਪੈਲਿੰਗ ਮਿਸਟੇਕਸ ਕੱਢ ਦਿੱਤੀਆਂ!

*******

ਜਵਾਈ (ਸਹੁਰੇ ਨੂੰ) ਪਾਪਾ ਜੀ ਤੁਹਾਡੀ ਲਾਡਲੀ ਨੇ ਨੱਕ ਵਿੱਚ ਦਮ ਕੀਤਾ ਹੋਇਆ!

ਸਹੁਰਾ :-ਬੇਟਾ ਮੇਰੇ ਬਾਰੇ ਵੀ ਤਾਂ ਸੋਚ ਮੇਰੇ ਕੋਲ ਤਾਂ ਉਸਦੀ ਵੀ ਮਾਂ ਹੈ!

*******

ਪੱਪੂ ਰੋ ਰਿਹਾ ਸੀ ਦੋਸਤ ਨੇ ਪੁੱਛਿਆ ਕਿਉਂ ਰੋ ਰਿਹਾ ਹੈਂ?

ਪੱਪੂ :-ਮੇਰੀ ਮੁਰਗੀ ਮਰ ਗਈ!

ਧੋਸਤ:- ਮੇਰਾ ਪਿਉ ਮਰਿਆ ਸੀ ਮੈਂ ਤਾਂ ਨਹੀਂ ਰੋਇਆ!

ਪੱਪੂ :ਓਏ ਤੇਰਾ ਪਿਓ ਕਿਹੜਾ ਆਂਡੇ ਦਿੰਦਾ ਸੀ।

*******

ਮਾਸਟਰ ਨੇ ਸੋਨੂੰ ਤੇ ਮੋਨੂੰ ਨੂੰ ਦਰਖਤ ਨਾਲ ਲੜਕਨ ਦੀ ਸਜ਼ਾ ਦਿੱਤੀ! ਥੋੜ੍ਹੀ ਦੇਰ ਲਟਕਣ ਤੋਂ ਬਾਅਦ ਸੋਨੂੰ ਹੇਠਾਂ ਡਿੱਗ ਪਿਆ ।ਅਧਿਆਪਕ ਨੇ ਪੁੱਛਿਆ ਕਿ ਥੱਕ ਗਿਆ? ਸੋਨੂੰ ਕਹਿੰਦਾ ਨਹੀਂ ਪੱਕ ਗਿਆ ਹਾਂ!

*******

ਰੇਲ ਗੱਡੀ ਵਿੱਚ ਖਿੜਕੀ ਦੇ ਨੇੜੇ ਵਾਲੀ ਸੀਟ 'ਤੇ ਬੈਠੀਆਂ ਦੋ ਔਰਤਾਂ ਆਪਸ ਵਿੱਚ ਲੜ ਰਹੀਆਂ ਸਨ।

ਪਹਿਲੀ ਬੋਲੀ, ''ਮੈਨੂੰ ਗਰਮੀ ਲੱਗ ਰਹੀ ਹੈ, ਖਿੜਕੀ ਦਾ ਸ਼ੀਸ਼ਾ ਖੁੱਲ੍ਹਾ ਰਹਿਣ ਦੇ।''

ਦੂਜੀ ਬੋਲੀ, ''ਮੈਨੂੰ ਸਰਦੀ ਲੱਗ ਰਹੀ ਹੈ, ਖਿੜਕੀ ਬੰਦ ਰਹੇਗੀ।''

ਇਕ ਸ਼ੀਸ਼ਾ ਉਪਰ ਕਰਦੀ ਤਾਂ ਦੂਜੀ ਉਸ ਨੂੰ ਬੰਦ ਕਰ ਦਿੰਦੀ।ਲੜਾਈ ਜਦੋਂ ਇਕ ਦੂਜੇ ਦੇ ਵਾਲ ਖਿੱਚਣ ਤੱਕ ਪਹੁੰਚ ਗਈ ਤਾਂ ਕੋਲ ਬੈਠੇ ਇਕ ਆਦਮੀ ਨੇ ਕਿਹਾ, ''ਕਿਉਂ ਲੜ ਰਹੀਆਂ ਹੋ?

ਪਹਿਲਾਂ ਦੇਖ ਤਾਂ ਲਵੋ, ਨਿਰਾ ਫਰੇਮ ਹੈ, ਖਿੜਕੀ ਦਾ ਸ਼ੀਸ਼ਾ ਤਾਂ ਟੁੱਟਾ ਪਿਆ ਹੈ।''

*************

ਅਰੁਣ, ''ਮੇਰੇ ਕੋਲ 20 ਹਜ਼ਾਰ ਰੁਪਏ ਸਨ। ਮੈਂ ਸੋਚਿਆ ਘਰ ਵਿੱਚ ਬਿਨਾਂ ਕੁੱਤਾ ਰੱਖੇ ਇੰਨੇ ਪੈਸੇ ਨਹੀਂ ਰੱਖਣੇ ਚਾਹੀਦੇ।''

ਨਵੀਨ, ''ਫਿਰ ਤੂੰ ਕੀ ਕੀਤਾ?''

ਅਰੁਣ, ''20 ਹਜ਼ਾਰ ਰੁਪਏ ਦਾ ਕੁੱਤਾ ਖਰੀਦ ਲਿਆ।''

*************

ਪ੍ਰੀਖਿਆ ਹਾਲ ਵਿੱਚ ਅਧਿਆਪਕਾ ਨੇ ਪ੍ਰੈਟੀ ਨੂੰ ਪੁੱਛਿਆ, ''ਪ੍ਰੈਟੀ, ਤੂੰ ਇੰਨੀ ਦੇਰ ਤੋਂ ਕੁਝ ਨਹੀਂ ਲਿਖ ਰਹੀ, ਕੀ ਸਵਾਲ ਮੁਸ਼ਕਿਲ ਲੱਗ ਰਹੇ ਹਨ?''

ਪ੍ਰੈਟੀ, ''ਮੈਡਮ, ਸਵਾਲ ਤਾਂ ਠੀਕ ਹਨ, ਮੈਨੂੰ ਤਾਂ ਬਸ ਇਨ੍ਹਾਂ ਦੇ ਜਵਾਬ ਮੁਸ਼ਕਿਲ ਲੱਗ ਰਹੇ ਹਨ।''

*************

ਰੇਲ ਗੱਡੀ ਵਿੱਚ ਖਿੜਕੀ ਦੇ ਨੇੜੇ ਵਾਲੀ ਸੀਟ 'ਤੇ ਬੈਠੀਆਂ ਦੋ ਔਰਤਾਂ ਆਪਸ ਵਿੱਚ ਲੜ ਰਹੀਆਂ ਸਨ।

ਪਹਿਲੀ ਬੋਲੀ, ''ਮੈਨੂੰ ਗਰਮੀ ਲੱਗ ਰਹੀ ਹੈ, ਖਿੜਕੀ ਦਾ ਸ਼ੀਸ਼ਾ ਖੁੱਲ੍ਹਾ ਰਹਿਣ ਦੇ।''

ਦੂਜੀ ਬੋਲੀ, ''ਮੈਨੂੰ ਸਰਦੀ ਲੱਗ ਰਹੀ ਹੈ, ਖਿੜਕੀ ਬੰਦ ਰਹੇਗੀ।'' ਇਕ ਸ਼ੀਸ਼ਾ ਉਪਰ ਕਰਦੀ ਤਾਂ ਦੂਜੀ ਉਸ ਨੂੰ ਬੰਦ ਕਰ ਦਿੰਦੀ।ਲੜਾਈ ਜਦੋਂ ਇਕ ਦੂਜੇ ਦੇ ਵਾਲ ਖਿੱਚਣ ਤੱਕ ਪਹੁੰਚ ਗਈ ਤਾਂ ਕੋਲ ਬੈਠੇ ਇਕ ਆਦਮੀ ਨੇ ਕਿਹਾ, ''ਕਿਉਂ ਲੜ ਰਹੀਆਂ ਹੋ? ਪਹਿਲਾਂ ਦੇਖ ਤਾਂ ਲਵੋ, ਨਿਰਾ ਫਰੇਮ ਹੈ, ਖਿੜਕੀ ਦਾ ਸ਼ੀਸ਼ਾ ਤਾਂ ਟੁੱਟਾ ਪਿਆ ਹੈ।''

*************

ਅਰੁਣ, ''ਮੇਰੇ ਕੋਲ 20 ਹਜ਼ਾਰ ਰੁਪਏ ਸਨ। ਮੈਂ ਸੋਚਿਆ ਘਰ ਵਿੱਚ ਬਿਨਾਂ ਕੁੱਤਾ ਰੱਖੇ ਇੰਨੇ ਪੈਸੇ ਨਹੀਂ ਰੱਖਣੇ ਚਾਹੀਦੇ।''

ਨਵੀਨ, ''ਫਿਰ ਤੂੰ ਕੀ ਕੀਤਾ?'' ਅਰੁਣ, ''20 ਹਜ਼ਾਰ ਰੁਪਏ ਦਾ ਕੁੱਤਾ ਖਰੀਦ ਲਿਆ।''

*************

ਪੱਪੂ ਦਾ ਮੂੰਹ ਸੁੱਜਿਆ ਹੋਇਆ ਸੀ। ਗਗਨ ਨੇ ਕਾਰਨ ਪੁੱਛਿਆ ਤਾਂ ਉਹ ਬੋਲਿਆ, ''ਕੱਲ੍ਹ ਸ਼ਾਮ ਮੈਂ ਘਰ ਗਿਆ ਤਾਂ ਪਾਪਾ ਨੇ ਪੁੱਛਿਆ ਕਿੱਥੇ ਸੀ?''

ਮੈਂ ਕਿਹਾ, ''ਦੋਸਤ ਦੇ ਘਰ ਗਿਆ ਸੀ। ਪਾਪਾ ਨੇ ਮੇਰੇ ਸਾਹਮਣੇ ਹੀ ਮੇਰੇ 10 ਦੋਸਤਾਂ ਨੂੰ ਫੋਨ ਕੀਤਾ।''

ਚਾਰ ਜਣਿਆ ਨੇ ਕਿਹਾ, ''ਹਾਂ ਅੰਕਲ ਇਥੇ ਹੀ ਸੀ।''

ਦੋ ਨੇ ਕਿਹਾ, ''ਹੁਣੇ ਨਿਕਲਿਆ ਹੈ।''

ਤਿੰਨ ਨੇ ਕਿਹਾ, ''ਇਥੇ ਹੈ ਅੰਕਲ, ਪੜ੍ਹ ਰਿਹਾ ਹੈ, ਫੋਨ ਦੇਵਾਂ?'' ਇਕ ਨੇ ਤਾਂ ਹੱਦ ਹੀ ਕਰ ਦਿੱਤੀ, ਕਿਹਾ, ''ਬੋਲੋ, ਪਾਪਾ ਕੀ ਹੋਇਆ।' ਮਰਵਾ ਦਿੱਤਾ ਸਾਲਿਆਂ ਨੇ।''

ਰਾਕੇਸ਼-ਅੱਜ ਰਾਤ ਤੁਹਾਨੂੰ ਮੇਰੇ ਨਾਲ ਭੋਜਨ ਕਰਨ ਵਿਚ ਕੋਈ ਇਤਰਾਜ਼ ਤਾਂ ਨਹੀਂ? ਮੰਨੀ ਬਿਲਕੁਲ ਨਹੀਂ, ਮੈਨੂੰ ਤਾਂ ਸਗੋਂ ਬਹੁਤ ਖੁਸ਼ੀ ਹੋਵੇਗੀ।

ਰਾਕੇਸ਼-ਤਾਂ ਫਿਰ ਠੀਕ ਆ, ਤੁਸੀਂ ਘਰੇ ਰਹਿਣਾ, ਮੈਂ 8 ਕੁ ਵਜੇ ਰਾਤ ਨੂੰ ਤੁਹਾਡੇ ਘਰ ਖਾਣਾ ਖਾਣ ਆ ਰਿਹਾ ਹਾਂ।

*************

ਇਕ ਔਰਤ (ਸਬਜ਼ੀ ਵਾਲੇ ਨੂੰ)-ਭਾਈ, ਤੇਰੇ ਬੈਂਗਣ ਤਾਂ ਸਾਰੇ ਕਾਣੇ ਆਂ। ਸਬਜ਼ੀ ਵਾਲਾ-ਤਾਂ ਕੀ ਹੋਇਆ ਬੀਬੀ ਜੀ, ਤੁਸੀਂ ਤਾਂ ਸਬਜ਼ੀ ਹੀ ਬਣਾਉਣੀ ਆਂ, ਤੁਸੀਂ ਕਿਹੜਾ ਇਨ੍ਹਾਂ ਤੋਂ ਅਖ਼ਬਾਰ ਪੜ੍ਹਾਉਣੀ ਆਂ।

*************

ਹਨੀ (ਮਨੀ ਨੂੰ), ''ਸਾਈਕਲ ਅਤੇ ਬੱਸ ਵਿੱਚ ਕੀ ਫਰਕ ਹੈ?''

ਮਨੀ, ''ਬੱਸ ਦਾ ਸਟੈਂਡ ਕਦੇ ਵੀ ਬੱਸ ਨਾਲ ਨਹੀਂ ਜਾਂਦਾ, ਪਰ ਸਾਈਕਲ ਸਟੈਂਡ ਸਾਈਕਲ ਦੇ ਨਾਲ ਜਾਂਦਾ ਹੈ।''

*************

ਗਾਹਕ (ਦੁਕਾਨਦਾਰ ਨੂੰ), ''ਮੈਨੂੰ ਇਹ ਕੱਪੜਾ ਬਹੁਤ ਪਸੰਦ ਹੈ, ਪਰ ਇਸ ਦਾ ਰੰਗ ਪਸੰਦ ਨਹੀਂ।''

ਦੁਕਾਨਦਾਰ, ''ਚਿੰਤਾ ਨਾ ਕਰੋ, ਇਕ ਧੁਆਈ ਤੋਂ ਬਾਅਦ ਰੰਗ ਆਪਣੇ ਆਪ ਉਡ ਜਾਏਗਾ।''

*************

ਅਧਿਆਪਕਾ ਜਮਾਤ 'ਚ ਸੌਂ ਗਈ ਤਾਂ ਇਕ ਛੋਟਾ ਸ਼ਰਾਰਤੀ ਬੱਚਾ ਉਸ ਨੂੰ ਜਗਾਉਣ ਗਿਆ।

ਬੱਚਾ ਬੋਲਿਆ, ''ਮੈਡਮ, ਤੁਸੀਂ ਜਮਾਤ ਵਿੱਚ ਸੌਂ ਰਹੇ ਹੋ?''

ਅਧਿਆਪਕਾ, ''ਨਹੀਂ ਬੇਟਾ, ਮੈਂ ਸੌਂ ਨਹੀਂ ਰਹੀ, ਮੈਂ ਅੱਖਾਂ ਬੰਦ ਕਰਕੇ ਰੱਬ ਨਾਲ ਗੱਲਾਂ ਕਰ ਰਹੀ ਸੀ।''

ਅਗਲੇ ਦਿਨ ਉਹ ਬੱਚਾ ਜਮਾਤ ਵਿੱਚ ਸੌਂ ਗਿਆ ਤਾਂ ਅਧਿਆਪਕਾ ਨੇ ਉਸ ਨੂੰ ਜਗਾਇਆ।

ਅਧਿਆਪਕਾ, ''ਬੇਟਾ, ਜਮਾਤ ਵਿੱਚ ਸੌਂਦੇ ਨਹੀਂ।''

ਬੱਚਾ, ''ਨਹੀਂ ਮੈਡਮ, ਮੈਂ ਸੌਂ ਨਹੀਂ ਰਿਹਾ ਸੀ, ਮੈਂ ਤਾਂ ਰੱਬ ਨਾਲ ਗੱਲਾਂ ਕਰ ਰਿਹਾ ਸੀ।''

ਅਧਿਆਪਕਾ, ''ਚੰਗਾ ਤਾਂ ਕੀ ਕਿਹਾ ਰੱਬ ਨੇ?''

ਬੱਚਾ, ''ਰੱਬ ਨੇ ਦੱਸਿਆ ਕਿ ਉਸਦੀ ਕੱਲ੍ਹ ਤੁਹਾਡੇ ਨਾਲ ਕੋਈ ਗੱਲ ਹੀ ਨਹੀਂ ਹੋਈ ਸੀ।''

*************

ਪਤੀ (ਮਰਨ ਵੇਲੇ ਪਤਨੀ ਨੂੰ), ''ਅਲਮਾਰੀ ਵਿੱਚੋਂ ਤੇਰੇ ਸੋਨੇ ਦੇ ਗਹਿਣੇ ਮੈਂ ਹੀ ਚੋਰੀ ਕੀਤੇ ਸਨ।''

ਪਤਨੀ (ਰੋਂਦੀ ਹੋਈ), ''ਕੋਈ ਗੱਲ ਨਹੀਂ ਜੀ।''

ਪਤੀ, ''ਤੇਰੇ ਭਰਾ ਨੇ ਜਿਹੜੇ ਇੱਕ ਲੱਖ ਰੁਪਏ ਤੈਨੂੰ ਦਿੱਤੇ ਸਨ, ਉਹ ਵੀ ਮੈਂ ਗਾਇਬ ਕੀਤੇ ਸਨ।''

ਪਤਨੀ, ''ਕੋਈ ਗੱਲ ਨਹੀਂ ਜੀ, ਮੈਂ ਤੁਹਾਨੂੰ ਮੁਆਫ ਕਰ ਦਿੱਤਾ।''

ਪਤੀ, ''ਤੇਰੀਆਂ ਕੀਮਤੀ ਸਾੜ੍ਹੀਆਂ ਵੀ ਚੋਰੀ ਕਰ ਕੇ ਮੈਂ ਆਪਣੀ ਪ੍ਰੇਮਿਕਾ ਨੂੰ ਦੇ ਦਿੱਤੀਆਂ ਸਨ।''

ਪਤਨੀ, ''ਕੋਈ ਗੱਲ ਨਹੀਂ ਜੀ। ਤੁਹਾਨੂੰ ਜ਼ਹਿਰ ਵੀ ਮੈਂ ਹੀ ਦਿੱਤਾ ਹੈ। ਹਿਸਾਬ ਬਰਾਬਰ।''

*************

ਪੱਪੂ ਐਲ ਕੇ ਜੀ ਵਿੱਚ ਪੜ੍ਹਦਾ ਸੀ। ਇੱਕ ਵਾਰ ਉਹ ਇੱਕ ਹਫਤੇ ਤੱਕ ਲਗਾਤਾਰ ਦੇਰ ਨਾਲ ਸਕੂਲ ਆਉਂਦਾ ਰਿਹਾ। ਇੱਕ ਦਿਨ ਉਸ ਨੂੰ ਰੋਕ ਕੇ ਮੈਡਮ ਨੇ ਪੁੱਛਿਆ, ''ਤੂੰ ਰੋਜ਼ ਸਕੂਲ ਲੇਟ ਕਿਉਂ ਆਉਂਦਾ ਹੈਂ?''

ਪੱਪੂ ਨੇ ਨਜ਼ਰਾਂ ਨੀਵੀਆਂ ਕਰ ਕੇ ਕਿਹਾ, ''ਮੈਡਮ! ਤੁਸੀਂ ਮੇਰੀ ਜ਼ਿਆਦਾ ਚਿੰਤਾ ਨਾ ਕਰਿਆ ਕਰੋ, ਸਾਰੇ ਬੱਚੇ ਗਲਤ ਸਮਝਦੇ ਹਨ।''

*************

ਰਾਮ, ''ਯਾਰ, ਮੈਂ ਸੋਚ ਰਿਹਾ ਸੀ ਕਿ ਦੁਨੀਆ ਵਿੱਚ ਕਿੰਨੇ ਲੋਕ ਮੂਰਖ ਹੋਣਗੇ।''

ਸ਼ਾਮ, ''ਯਾਰ, ਹਰ ਵੇਲੇ ਆਪਣੇ ਬਾਰੇ ਨਾ ਸੋਚੀ ਜਾਇਆ ਕਰ, ਕਦੇ ਦੂਜਿਆਂ ਬਾਰੇ ਵੀ ਸੋਚਿਆ ਕਰ।''

*************

ਪੱਪੂ (ਸੁਰਿੰਦਰ ਨੂੰ), ''ਯਾਰ, ਕੋਈ ਅਜਿਹਾ ਤੋਹਫਾ ਦੱਸ, ਜੋ ਸਿੱਧਾ ਤੇਰੀ ਭਰਜਾਈ ਦੇ ਦਿਲ 'ਤੇ ਲੱਗੇ।''

ਸੁਰਿੰਦਰ, ''ਗੋਲੀ ਮਾਰ ਦੇ।''

*************

ਇਕ ਔਰਤ ਨੇ ਨਾਟਕ ਵਿੱਚ ਝਗੜਾਲੂ ਪਤਨੀ ਦੀ ਸਫਲ ਪੇਸ਼ਕਾਰੀ ਦਿੱਤੀ, ਜਿਸ ਨੂੰ ਲੋਕਾਂ ਨੇ ਬਹੁਤ ਪਸੰਦ ਕੀਤਾ। ਨਾਟਕ ਤੋਂ ਬਾਅਦ ਇਕ ਪੱਤਰਕਾਰ ਨੇ ਉਸ ਨੂੰ ਪੁੱਛਿਆ, ''ਪਹਿਲੀ ਵਾਰ 'ਚ ਹੀ ਤੁਹਾਡੀ ਸਫਲ ਪੇਸ਼ਕਾਰੀ ਦਾ ਰਾਜ਼ ਕੀ ਹੈ?''

ਔਰਤ ਬੋਲੀ, ''ਇਸ ਵਿੱਚ ਕੋਈ ਖਾਸ ਗੱਲ ਨਹੀਂ। ਮੰਚ 'ਤੇ ਆਪਣੇ ਸਾਥੀ ਕਲਾਕਾਰ ਨਾਲ ਬੋਲਣ ਵੇਲੇ ਮੈਂ ਮਨ ਵਿੱਚ ਇਹੋ ਸੋਚ ਲਿਆ ਸੀ ਕਿ ਅਸਲ ਵਿੱਚ ਆਪਣੇ ਪਤੀ ਨਾਲ ਗੱਲ ਕਰ ਰਹੀ ਹਾਂ।''

*************

ਪਤਨੀ, ''ਸੁਣੋ ਜੀ ਅਖਬਾਰ 'ਚ ਖਬਰ ਹੈ ਕਿ ਇਕ ਵਿਅਕਤੀ ਨੇ ਆਪਣੀ ਪਤਨੀ ਨੂੰ ਵੇਚ ਦਿੱਤਾ?''

ਪਤੀ, ''ਅੱਛਾ! ਕਿੰਨੇ 'ਚ?''

ਪਤਨੀ, ''ਇਕ ਸਾਈਕਲ ਦੇ ਬਦਲੇ। ਕਿਤੇ ਤੂੰ ਵੀ ਤਾਂ ਅਜਿਹਾ ਨਹੀਂ ਕਰੇਂਗਾ?''

ਪਤੀ, ''ਮੈਂ ਇੰਨਾ ਮੂਰਖ ਥੋੜ੍ਹਾ ਹਾਂ, ਤੇਰੇ ਬਦਲੇ 'ਚ ਘੱਟੋ-ਘੱਟ ਸਕੂਟਰ ਤਾਂ ਆ ਹੀ ਸਕਦਾ ਹੈ..।''







# ਸੱਤਾ ਉਪਰਲੇ ਸ਼ਿਕਾਰੀ

ਸ਼ਿਕਾਰੀ ਜਾਨਵਰ ਕੇਵਲ ਓਦੋਂ ਹਮਲਾਵਰ ਹੁੰਦਾ ਜਦ ਸ਼ਿਕਾਰ ਮੂਹਰੇ ਲਗ ਕੇ ਦੌੜ ਪੈਂਦਾ। ਸ਼ਿਕਾਰੀ ਪਹਿਲਾਂ ਕੰਮ ਭਾਜੜ ਪਾਓਂਣ ਦਾ ਕਰਦਾ ਇਕ ਤਾਂ ਭਾਜੜ ਵਿਚ ਸ਼ਿਕਾਰ ਹਾਫਲ ਜਾਂਦਾ ਦੂਜਾ ਝੁੰਡ ਤੋਂ ਨਿਖੜ ਜਾਂਦਾ। ਝੁੰਡ ਚੋਂ ਅਲਹਿਦਾ ਕਰਕੇ ਸ਼ਿਕਾਰ ਮਾਰਨਾ ਸੇਫ ਹੈ। ਦੌੜੇ ਜਾਂਦੇ ਜਾਨਵਰ ਉਪਰ ਹਮਲਾਵਰ ਹੋਣਾ ਸੌਖਾ ਜਦ ਕਿ ਸਾਹਵੇਂ ਵਾਲੀ ਟੱਕਰ ਵਿਚ ਸ਼ਿਕਾਰੀ ਦਾ ਖੁਦ ਦਾ ਢਿਡ ਪਾੜ ਸਕਦਾ।ਸਤਾਧਾਰੀ ਜਰਵਾਣੇ ਵੀ ਸ਼ਿਕਾਰੀ ਤਰਾਂ ਹੁੰਦੇ। ਓਹ ਲੁਕਾਈ ਵਿਚ ਭਾਜੜ ਪਾਈ ਰਖਦੇ ਤਾਂ ਕਿ ਇਹਨੂੰ ਨੂੰ ਨਿਖੇੜੇ ਜਾਣ ਵਿਚ ਸੌਖ ਰਹੇ।ਇਨ੍ਹਾਂ ਦੀਆਂ ਬੋਟੀਆਂ ਸੌਖੀਆਂ ਨੋਚੀਆਂ ਜਾ ਸਕਣ।ਲੋਕਾਂ ਦਾ ਝੁੰਡ ਵਿਚ ਰਹਿਣਾ ਸਤਾਧਾਰੀ ਜਾਨਵਰ ਨੂੰ ਕਦੇ ਬਰਦਾਸ਼ਤ ਨਹੀ। ਓਹ ਮਸਲੇ ਜਾਂ ਮੁਦੇ ਹੀ ਅਜਿਹੇ ਪੈਦਾ ਕਰਦਾ ਕਿ ਲੋਕ ਝੁੰਡਾਂ ਵਿਚ ਨਿਭ ਹੀ ਨਹੀ ਪਾਓਂਦੇ ਅਤੇ ਕੱਲੇ ਕੱਲੇ ਸ਼ਿਕਾਰ ਹੁੰਦੇ ਖਾਧੇ ਜਾਂਦੇ ਰਹਿੰਦੇ ਨੇ ਅਤੇ ਪੀਹੜੀ ਦਰ ਪੀਹੜੀ ਖਾਧੇ ਜਾਂਦੇ ।ਬਕਵਾਸ ਗਲਾਂ ਨੇ ਕਿ ਲੋਕ ਧਰਮਾਂ ਦੇ ਨਾਂ ਤੇ ਛੁਰੇ ਕਢੀ ਰਖਦੇ। ਦਰਅਸਲ ਓਨਾ ਛੁਰਿਆਂ ਪਿਛੇ ਹਥ ਲੋਕਾਂ ਦਾ ਹੁੰਦਾ ਹੀ ਨਹੀ।ਲੋਕ ਤਾਂ ਕੇਵਲ ਛੁਰੇ ਹੁੰਦੇ ਨੇ ਜਿਹੜੇ ਇਕ ਦੂਏ ਦੇ ਢਿਡ ਵਿਚ ਵਜ ਰਹੇ ਹੁੰਦੇ ਨੇ ਓਨਾ ਦਾ ਸਿਰ ਯਾਣੀ ਹਥ ਸਤਾ ਚਲਾਉਂਦੀ ਹੈ।ਆਮ ਬੰਦੇ ਨੂੰ ਛੁਰਾ ਦਿਸੀ ਜਾਂਦਾ ਰਹਿੰਦਾ ਹਥ ਨਹੀ।ਛੁਰਾ ਅਪਣੇ ਆਪ ਚਲ ਹੀ ਨਹੀ ਸਕਦਾ ਜੇ ਪਿਛੇ ਹਥ ਨਾ ਹੋਣ। ਛੁਰਾ ਤਾਕਤ ਦੇ ਹੱਥ ਹੈ ਅਤੇ ਤਾਕਤ ਸਤਾ ਹਥ।ਕਨੇਡਾ ਅਮਰੀਕਾ ਇੰਗਲੈਂਡ ਸਭ ਮੁਲਖਾਂ ਵਿਚ ਸਾਰੇ ਧਰਮਾਂ ਨਸਲਾਂ ਦੇ ਲੋਕ ਵਸਦੇ ਨੇ ਓਥੇ ਧਰਮਾਂ ਦੇ ਨਾਂ ਤੇ ਛੁਰੇ ਕਿਓਂ ਨਹੀ ਨਿਕਲਦੇ। ਓਥੇ ਢਿਡ ਕਿਓਂ ਨਹੀ ਪਾੜਦੇ ਲੋਕ ਇਕ ਦੂਏ ਦਾ। ਓਥੇ ਧਾਰਮਿਕ ਕਟੜਤਾ ਦਾ ਜਿੰਨ ਕਿਓਂ ਨਹੀ ਚੜਦਾ ਸਿਰ ਨੂੰ ਲੋਕਾਂ ਦੇ। ਕਿਓਂਕਿ ਓਥੇ ਛੁਰਾ ਨਰਜਿੰਦ ਪਿਆ ਹੈ ਕਿਓਂਕਿ ਓਥੇ ਛੁਰਾ ਚਲਾਉਂਣ ਵਾਲਾ ਹੱਥ ਨਹੀ। 84 ਵੇਲੇ ਦਾ ਕਤਲੇਆਮ ਕੋਈ ਧਰਮ ਦੀ ਲੜਾਈ ਹੋਵੇ ਤਾਂ ਦਸੋ ਕਿ ਗਲ ਤੋਪਾਂ ਟੈਂਕਾਂ ਤਕ ਪਹੁੰਚ ਗਈ। ਬਰੂਦਾਂ ਦੀਆਂ ਵਾਛੜਾਂ ਤਕ। ਲੋਕਾਂ ਅਪਣੇ ਨਿਆਣਿਆਂ ਦੇ ਭਵਿਖ ਖਾਤਰ ਪਾਣੀ ਅਤੇ ਅੰਨ ਹੀ ਮੰਗਿਆ ਸੀ ਕੀ ਆਖਰ ਆ ਗਈ ਜੇ ਇਕ ਧਾਰਮਿਕ ਬੰਦੇ ਮੰਗ ਲਿਆ।ਮੋਦੀ ਕਿਆਂ ਵਲੋਂ ਗੁਜਰਾਤ ਵਿਚਲੀ ਛੁਰਿਆਂ ਦੀ ਖੇਡ ਪਿਛੇ ਕੋਈ ਧਰਮ ਹੋਵੇ ਤਾਂ ਦਸੋ। ਬਾਬਰੀ ਮਸਜਦ ਜਾਂ ਦਰਬਾਰ ਸਾਹਿਬ ਤੋੜਨ ਪਿਛੇ ਕਿਹੜੇ ਧਰਮੀ ਲੋਕ ਸਨ।ਇੰਦਰਾ, ਰਾਜੀਵ, ਅਡਵਾਨੀ, ਮੋਦੀ, ਸ਼ਾਹ ਵਰਗੇ ਜਰਵਾਣਿਆਂ ਦਾ ਕਿਸੇ ਧਰਮ ਤੋਂ ਕੋਈ ਲੈਣਾ ਦੇਣਾ ਹੋਵੇ।ਧਰਮ ਤਾਂ ਲੋਕਾਂ ਦੇ ਝੁੰਡ ਵਿਚ ਭਾਜੜ ਪਾਓਂਣ ਲਈ ਸ਼ਿਕਾਰੀ ਵਲੋਂ ਵਰਤਿਆ ਜਾਂਦਾ ਟੂਲ ਹੈ ਤਾਂ ਕਿ ਲੋਕਾਂ ਨੂੰ ਖਿੰਡਾਇਆ ਜਾ ਸਕੇ।ਮੁਸਲਮਾਨਾ ਦੇ ਗੁਜਰਾਤ ਕਤਲੇਆਮ ਵੇਲੇ ਛੁਰਿਆਂ ਢਿਡ ਪਾੜਨ ਲਈ ਇਕ ਟਰੱਕ ਰੋਕਿਆ ਤਾਂ ਬੰਦੇ ਦਾ ਨਾਮ ਪੁਛਣ ਤੇ ਓਹ ਪੰਜਾਬ ਤੋਂ ਸਿਖਾਂ ਨਾਲ ਸਬੰਧਤ ਨਿਕਲ ਆਇਆ ਤਾਂ ਛੁਰਾ ਕਹਿੰਦਾ ਜਾਹ ਇਸ ਦਫਾ ਵਾਰੀ ਤੁਹਾਡੀ ਨਹੀ। ਕਿਓਂਕਿ ਛੁਰਾ ਮੁਸਲਮਾਨ ਦੇ ਲਹੂ ਵਿਚ ਨਹਾ ਕੇ ਆਇਆ ਸੀ ਅਤੇ ਓਹ ਇਸ ਵਾਰੀ ਮੁਸਲਮਾਨ ਦਾ ਹੀ ਢਿੱਡ ਲਭ ਰਿਹਾ ਸੀ।ਸ਼ੇਰ, ਚੀਤਾ, ਬਘਿਆੜ ਝਪਟਦੇ ਹੀ ਉਸ ਸਮੇ ਨੇ ਜਦ ਓਹ ਭਾਜੜ ਪਾ ਕੇ ਸ਼ਿਕਾਰ ਨੂੰ ਝੁੰਡ ਤੋਂ ਅਲਹਿਦਾ ਕਰ ਲੈਂਦੇ ਨੇ।ਸੱਤਾ ਵਾਲਿਆਂ ਦਾ ਸੰਘ ਪਾੜਵਾਂ ਮੀਡੀਆ ਭਾਜੜ ਹੀ ਤਾਂ ਪਾਓਂਦਾ ਲੋਕਾਂ ਵਿਚ ਅਤੇ ਲੋਕ ਖਿੰਡ ਕੇ ਇੱਕ ਦੂਜੇ ਤੋਂ ਹੀ ਦੋੜ ਲੈਂਦੇ ਅਤੇ ਸ਼ਿਕਾਰੀ ਅਪਣਾ ਕੰਮ ਕਰਕੇ ਔਹ ਜਾਂਦਾ।ਚਾਰ ਸ਼ੇਰਾਂ ਦਾ ਝੁੰਡ ਸੈਕੜੇਂ ਝੋਟਿਆਂ ਦੇ ਝੁੰਡ ਨਾਲੋਂ ਤਗੜਾ ਨਾ ਸੀ ਪਰ ਓਨਾ ਨੂੰ ਅਪਣੀ ਤਾਕਤ ਦਾ ਹੀ ਪਤਾ ਨਾ ਸੀ ਅਤੇ ਓਹ ਭਜ ਨਿਕਲੇ। ਜਿਓਂ ਹੀ ਅਗੇ ਲਗ ਕੇ ਦੌੜੇ ਸ਼ਿਕਾਰੀ ਨੇ ਝੁੰਡ ਤੋਂ ਅਲਹਿਦਾ ਕਰਕੇ ਸ਼ਿਕਾਰ ਪਾੜ ਸੁਟਿਆ ਅਤੇ ਇਓਂ ਓਹ ਪੀਹੜੀ ਦਰ ਪੀਹੜੀ ਪਾੜੇ ਜਾਂਦੇ ਆ ਰਹੇ ਨੇ। ਕਦੇ ਵਾਰੀ ਦਲਿਤਾਂ ਦੀ ਕਦੇ ਸਿੱਖਾਂ, ਮੁਸਲਮਾਨਾਂ ਅਤੇ ਕਦੇ ਈਸਾਈਆਂ ਦੀ।ਸੋ ਕਾਲ ਦਲਿਤ ਸਦੀਆਂ ਤੋਂ ਕੁਟ ਖਾ ਕੇ ਵੀ ਤਰਲੇ ਕਰੀ ਜਾਂਦੇ ਕਿ ਸਾਨੂੰ ਮੰਦਰ ਨਹੀ ਵੜਨ ਦਿਤਾ ਜਾਂਦਾ ਅਤੇ ਧਕੇ ਮਾਰਨ ਵਾਲੇ ਪੰਡੀਏ ਕਿਆਂ ਦੀਆਂ ਜੂਠੀਆਂ ਪਤਲਾਂ ਉਪਰ ਲੇਟੇ ਮਾਰੀ ਜਾ ਰਹੇ ਨੇ । ਜਦ ਕਿ ਇਸੇ ਮੰਦਰ ਦੇ ਭਗਵਾਨਾ ਕਾਂ, ਕੁਤੇ, ਕੀੜੇ ਨਾਲ ਓਨਾ ਦੀ ਤੁਲਨਾ ਕੀਤੀ ਹੋਈ। ਸਿਖਾਂ ਅਤੇ ਮੁਸਲਮਾਨਾ ਵਿਚਲੀ ਇਕ ਖਾਸ ਨਸਲ ਨੂੰ ਵੀ ਦੇਸ਼ ਪ੍ਰੇਮ ਅਤੇ ਭਾਈ ਭਾਈ ਹੋਣ ਦਾ ਹੇਜ ਜਾਗਿਆ ਰਹਿੰਦਾ ਬਿਨਾ ਇਹ ਗਲ ਸਮਝੇ ਕਿ ਬਕਰਿਆ ਜਿੰਨੀ ਮਰਜੀ ਵਤਨ ਵਤਨ ਦੀ ਮੈਂ ਮੈਂ ਕਰ ਲੈ ਤੇਰਾ ਪਾੜਿਆ ਜਾਣਾ ਤਾਂ ਤਹਿ ਹੈ ਫਰਕ ਇਨਾ ਕਿ ਵਾਰੀ ਥੋੜੀ ਦੇਰ ਨਾਲ ਆ ਜਾਊ। ਨਹੀ?

**-ਗੁਰਦੇਵ ਸਿੰਘ ਸੱਧੇਵਾਲੀਆ**

## ਜਿੱਥੇ ਕਿੱਧਰੇ ਕਾਂਗਰਸ ਮਜ਼ਬੂਤ ਉਸ ਦਾ ਸਮਰਥਨ ਕਰਾਂਗੇ: ਮਮਤਾ

ਕੋਲਕਾਤਾ:ਪੱਛਮੀ ਬੰਗਾਲ ਦੀ ਮੁੱਖ ਮੰਤਰੀ ਤੇ ਤ੍ਰਿਣਮੂਲ ਕਾਂਗਰਸ ਦੀ ਸੁਪਰੀਮੋ ਮਮਤਾ ਬੈਨਰਜੀ ਨੇ ਸਾਲ 2024 ਵਿੱਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕਿਹਾ ਕਿ ਜਿਥੇ ਕਿਧਰੇ ਵੀ ਕਾਂਗਰਸ ਮਜ਼ਬੂਤ ਹੈ, ਉਹ ਉਸ ਦਾ ਸਮਰਥਨ ਕਰਨਗੇ। ਲੋਕ ਸਭਾ ਚੋਣਾਂ ਲਈ ਪਾਰਟੀਆਂ ’ਚ ਆਪਸੀ ਸੀਟਾਂ ਦੀ ਵੰਡ ਬਾਰੇ ਉਨ੍ਹਾਂ ਕਿਹਾ ਕਿ ਮਜ਼ਬੂਤ ਖੇਤਰੀ ਦਲਾਂ ਨੂੰ ਪਹਿਲੀ ਮਿਲਣੀ ਚਾਹੀਦੀ ਹੈ।


FRASERVIEW MEATS
The Name of Guaranteed Quality Meats







Number One Quality Meat in Lower Mainland

We also sell cooked chicken
We take orders for all occassion

Serving You Since 1993

Try our Special Chicken Tikkar



Jagir S. Nagra

604-592-2900
#102-12047-80th Ave. Surrey (Besides Mega Fruticana)
www.fraserviewmeats.com



Rai Express Lines Ltd.



Hiring
Team Owner Operators
- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

Call today 604-503-6900
Email-kal@raiexpresslines.com www. raiexpressline.com
Unit 125-7475 135th Street, BC V3W 0M8



THE GRAND TAJ
BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com

Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special




**7050 120 Street, Surrey, British Columbia V3W 3M8, Tel: (604) 598-1300 Fax: (604) 594-1669**

# ਇਸ ਹਫਤੇ ਦੇ ਪ੍ਰੋਗਰਾਮ

**ਸ਼ਹੀਦਾਂ ਦੇ ਸਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਵਿਸ਼ੇਸ਼ ਸਮਾਗਮ**

ਚਾਲੀ ਰੋਜ਼ਾ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਦਿਨ
23 ਮਈ ਮੰਗਲਵਾਰ
ਸ਼ਾਮ 6.00 -7.30 ਵਜੇ

7 to 9 pm Daily
ਕੀਰਤਨ ਦਰਬਾਰ 22 ਅਤੇ 23 ਮਈ
ਕਥਾ ਦਰਬਾਰ 24 ਅਤੇ 25 ਮਈ
ਢਾਡੀ ਦਰਬਾਰ 26 ਅਤੇ 27 ਮਈ







## 19 ਮਈ ਦਿਨ ਸ਼ੁੱਕਰਵਾਰ

*ਅਨੰਦ ਕਾਰਜ ਪਰਿਵਾਰ ਹਰਬੰਸ ਸਿੰਘ ਸੇਖੋਂ ਪਰਿਵਾਰ ਵੱਲੋਂ
*ਮਾਤਾ ਭਾਨੀ ਜੀ ਹਾਲ ਵਿੱਚ ਸ੍ਰੀ ਅਖੰਡ ਪਾਠ ਸਾਹਿਬ
ਪਿੰਡ ਚੀਮਾ ਖੁਰਦ ਦੀ ਸੰਗਤ ਵੱਲੋਂ, ਪਰਿਵਾਰ ਕਮਲਜੀਤ ਸਿੰਘ ਵੱਲੋਂ, ਨਵਜੋਤ ਕੌਰ ਪਰਿਵਾਰ ਵੱਲੋਂ, ਭਾਈ ਅੰਮ੍ਰਿਤਪਾਲ ਸਿੰਘ ਅਤੇ ਹੋਰ ਸਿੰਘਾਂ ਦੀ ਚੜ੍ਹਦੀ ਕਲਾ ਵਾਸਤੇ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਪਿੰਡ ਗੁੜੇ ਚੂਹੇਕੇ ਤਲਵਣ ਸੰਗਤਾਂ ਵੱਲੋਂ, ਜੋਗਾ ਸਿੰਘ ਜੌਹਲ ਪਰਿਵਾਰ ਵੱਲੋਂ
*ਫਿਊਨਰਲ ਸ. ਜੋਗਾ ਸਿੰਘ ਸੋਮਲ 2.30 ਵਜੇ ਰਿਵਰਸਾਇਡ, ਗੁਰਦੁਆਰਾ ਸਾਹਿਬ ਵਿਖੇ ਭੋਗ 4 ਵਜੇ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ

## 20 ਮਈ ਦਿਨ ਸ਼ਨੀਵਾਰ

*ਫਿਊਨਰਲ ਸ. ਮੇਜਰ ਸਿੰਘ 2 ਵਜੇ ਹੋਵੇਗਾ, 3.30 ਵਜੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਸਹਿਜ ਪਾਠ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ
*ਸਵੇਰੇ 10 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਇੰਦਰਜੀਤ ਸਿੰਘ ਬੈਂਸ ਪਰਿਵਾਰ ਵੱਲੋਂ
*ਆਰੰਭ ਸ੍ਰੀ ਸਹਿਜ ਪਾਠ ਸਤਨਾਮ ਸਿੰਘ ਪਰਿਵਾਰ ਵੱਲੋਂ
*ਫਿਊਨਰਲ ਨਮਿਤ ਆਗਿਆਪਾਲ ਸਿੰਘ 3 ਵਜੇ ਰਿਵਰਸਾਇਡ ਵਿਖੇ ਹੋਵੇਗਾ, 4.30 ਵਜੇ ਗੁਰਦੁਆਰਾ ਵਿਖੇ ਸ੍ਰੀ ਸਹਿਜ ਪਾਠ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ
*ਸ਼ਾਮ 4 ਵਜੇ ਪਾਠ ਸੁਖਮਨੀ ਸਾਹਿਬ, ਕੀਰਤਨ ਮਨਜਿੰਦਰ ਕੌਰ ਪਰਿਵਾਰ ਵੱਲੋਂ

## 21 ਮਈ ਦਿਨ ਐਤਵਾਰ

*ਸਵੇਰੇ 10 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ, ਲੰਗਰ ਦੀ ਸੇਵਾ ਮਨਿੰਦਰ ਕੌਰ ਪਰਿਵਾਰ ਵੱਲੋਂ
*ਸਵੇਰੇ 10 ਵਜੇ ਪਾਠ ਸੁਖਮਨੀ ਸਾਹਿਬ, ਲੰਗਰ ਦੀ ਸੇਵਾ ਅਰਵਿੰਦਰ ਕੌਰ ਪਰਿਵਾਰ ਵੱਲੋਂ
*ਸਵੇਰੇ 8.30 ਵਜੇ ਪਾਠ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰ ਅਮਰਜੀਤ ਸਿੰਘ ਪ੍ਰਵਾਰ ਵੱਲੋਂ
*ਦੁਪਹਿਰ 12 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਅਤੇ ਲੰਗਰ ਜਤਿੰਦਰ ਸਿੰਘ ਪਰਿਵਾਰ ਵੱਲੋਂ
*ਦੁਪਹਿਰ 12 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਕੀਰਤਨ ਲੰਗਰ ਲਖਬੀਰ ਸਿੰਘ ਪਰਿਵਾਰ ਵੱਲੋਂ
*ਬਾਦ ਦੁਪਹਿਰ 2 ਵਜੇ ਪਾਠ ਸੁਖਮਨੀ ਸਾਹਿਬ ਕੀਰਤਨ ਲੰਗਰ ਮਨਿੰਦਰ ਸਿੰਘ ਪਰਿਵਾਰ ਵੱਲੋਂ
*ਬਾਦ ਦੁਪਹਿਰ 2 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਕਿਰਨਦੀਪ ਕੌਰ ਪਰਿਵਾਰ ਵੱਲੋਂ
*ਬਾਦ ਦੁਪਹਿਰ 2 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਕੀਰਤਨ ਲੰਗਰ ਰਵਿੰਦਰ ਕੌਰ ਪਰਿਵਾਰ ਵੱਲੋਂ
*ਸ਼ਾਮ 4 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਪ੍ਰੀਤਮ ਸਿੰਘ ਪਰਿਵਾਰ ਵੱਲੋਂ




ਸੂਚਨਾ:ਹਰੇਕ ਸੰਗਰਾਂਦ ਨੂੰ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਅਰਦਾਸ ਕੀਤੀ ਜਾਵੇਗੀ।

ਗੁਰਦੁਆਰਾ ਸਾਹਿਬ ਵੱਲੋਂ ਚੱਲ ਰਹੇ ਗੁਰਮਤਿ ਸਕੂਲ ਵਿਚ ਕਲਾਸਾਂ ਚੱਲ ਰਹੀਆਂ ਹਨ। ਵਧੇਰੇ ਜਾਣਕਾਰੀ ਅਤੇ ਬੱਚਿਆਂ ਨੂੰ ਰਜਿਸਟਰ ਕਰਵਾਉਣ ਲਈ ਦਫਤਰ ਵਿਚ ਸੰਪਰਕ ਕਰੋ ਜੀ

*ਕੀਰਤਨ *ਤਬਲਾ ਤੇ ਤੰਤੀ ਸਾਜ ਕਲਾਸਾਂ *ਸੰਥਿਆ ਕਲਾਸਾਂ
*ਪੰਜਾਬੀ ਕਲਾਸਾਂ *ਗਤਕਾ ਅਤੇ ਦੁਮਾਲਾ ਸਿਖਲਾਈ ਕਲਾਸਾਂ

## ਰਾਗੀ ਜੱਥੇ

1. ਭਾਈ ਭਗਤਜੀਤ ਸਿੰਘ ਜੀ ਦਾ ਜਥਾ
2. ਭਾਈ ਗੁਰਦੀਪ ਸਿੰਘ ਜੀ ਦਾ ਜਥਾ
3. ਭਾਈ ਸੁਖਵਿੰਦਰ ਸਿੰਘ ਜੀ ਦਾ ਜਥਾ

## ਕਥਾਵਾਚਕ

ਭਾਈ ਲਖਬੀਰ ਸਿੰਘ

## ਕਵੀਸ਼ਰੀ ਜਥਾ

ਕਵੀਸ਼ਰ ਭਾਈ ਦਲਬੀਰ ਸਿੰਘ ਗਿੱਲ ਮਹਿਮਾ ਚੱਕ


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# DREAM BANQUET HALL

Birthday, Wedding, Reception, anniversary, Jago, Kitty Parties, Graduation, Seminars, Fund Raising, Business Meeting, Corporate Events




Dream Catering "Your Venue, Our Food"

We provide various Menu Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

For Bookings, Contact: 604-203-7272

7236 -120St, Surrey, BC

Email:info@dreambanquethall.ca

# PEACE FURNITURE

For The Peace Of Your Mind



ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:

Mon-Fri: 8am to 6pm

Sat-Sun: 12 pm to 6 pm

604-902-1415

#A/B/C 7967-128St, Surrey, BC V3W 4E7

Email:sales@peacefurnituire.ca

Web:www.peacefurniture.ca